ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 20* Issue 180 | Tuesday, September 14, 2021 | Tel: 905-793-2202 | Fax: 905-793-2282 | news@punjabipost.ca | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਟੋਰਾਂਟੋ ਦੇ ਤਿੰਨ ਸਕੂਲਾਂ ਵਿੱਚ ਮਿਲੇ ਕੋਵਿਡ-19 ਦੇ ਮਾਮਲੇ



ਟੋਰਾਂਟੋ, 13 ਸਤੰਬਰ (ਪੋਸਟ ਬਿਊਰੋ) : ਅਜੇ ਸਕੂਲ ਵਰ੍ਹੇ ਨੂੰ ਸ਼ੁਰੂ ਹੋਇਆਂ ਇੱਕ ਹਫਤਾ ਵੀ ਨਹੀਂ ਬੀਤਿਆ ਕਿ ਟੋਰਾਂਟੋ ਪਬਲਿਕ ਹੈਲਥ ਨੂੰ ਤਿੰਨ ਸਕੂਲਾਂ ਵਿੱਚ ਕੋਵਿਡ-19 ਦੇ ਮਾਮਲੇ ਮਿਲ ਵੀ ਗਏ ਹਨ।

ਇਹ ਕੇਸ ਥੌਰਨਕਲਿੱਫ ਪਾਰਕ ਵਿੱਚ ਫਰੇਜ਼ਰ ਮਸਟਰਡ ਅਰਲੀ ਲਰਨਿੰਗ ਸੈਂਟਰ, ਸਕਾਰਬੌਰੋ ਵਿੱਚ ਸੇਂਟ ਮਿਸ਼ੇਲ ਫਰੈਂਚ ਕੈਥੋਲਿਕ ਐਲੀਮੈਂਟਰੀ ਤੇ ਸਕਾਰਬੌਰ ਵਿੱਚ ਹੀ ਵੈਸਟ ਹਿੱਲ ਕਾਲਜੀਏਟ ਵਿੱਚ ਨਿਕਲਣ ਦੀ ਪੁਸ਼ਟੀ ਹੋਈ ਹੈ। ਟੀ ਪੀ ਐਚ ਦਾ ਕਹਿਣਾ ਹੈ ਕਿ ਉਹ ਮਾਮਲੇ ਦੀ ਜਾਂਚ ਕਰ ਰਹੇ ਹਨ ਤੇ ਜਿਹੜੇ ਇਸ ਤੋਂ ਪ੍ਰਭਾਵਿਤ ਹੋਏ ਹਨ ਉਨ੍ਹਾਂ ਨੂੰ ਨੋਟੀਫਿਕੇਸ਼ਨ ਭੇਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਨ੍ਹਾਂ ਬੱਚਿਆਂ ਨੂੰ ਘਰਾਂ ਵਿੱਚ ਹੀ ਰਹਿਣ ਤੇ ਆਪਣੇ ਲੱਛਣਾਂ ਦਾ ਧਿਆਨ ਰੱਖਣ ਲਈ ਵੀ ਆਖਿਆ ਜਾ ਰਿਹਾ ਹੈ।

ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੋਵਿਡ-19 ਦੇ ਮੌਜੂਦਾ ਹਾਲਾਤ ਦੇ ਚੱਲਦਿਆਂ ਅਜਿਹਾ ਹੋਣਾ ਸੰਭਾਵਿਤ ਹੀ ਸੀ। ਅਜਿਹੇ ਕਿੰਨੇ ਮਾਮਲੇ ਸਾਹਮਣੇ ਆਏ ਹਨ ਕਿ ਇਨ੍ਹਾਂ ਦਾ ਅੰਕੜਾ ਜਾਰੀ ਨਹੀਂ ਕੀਤਾ ਗਿਆ ਹੈ।

## ਨਵੇਂ ਮਾਪਿਆਂ ਨੂੰ 1000 ਡਾਲਰ ਪ੍ਰਤੀ ਮਹੀਨਾ ਵੱਧ ਦੇਣ ਦਾ ਓਟੂਲ ਨੇ ਕੀਤਾ ਵਾਅਦਾ



ਓਟਵਾ, 13 ਸਤੰਬਰ (ਪੋਸਟ ਬਿਊਰੋ) : ਫੈਡਰਲ ਕੰਜ਼ਰਵੇਟਿਵਾਂ ਵੱਲੋਂ ਨਵੇਂ ਬਣੇ ਮਾਪਿਆਂ ਨਾਲ ਇਹ ਵਾਅਦਾ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਦੇ ਸੱਤਾ ਵਿੱਚ ਆਉਣ ਉੱਤੇ ਅਜਿਹੇ ਮਾਪੇ ਪ੍ਰਤੀ ਮਹੀਨਾ 1,000 ਡਾਲਰ ਤੱਕ ਕਮਾ ਸਕਣਗੇ ਅਤੇ ਇਸ ਪੇਸ਼ਕਸ਼ ਨਾਲ ਉਨ੍ਹਾਂ ਦੀ ਮੈਟਰਨਿਟੀ ਜਾਂ ਪੇਰੈਂਟਲ ਲੀਵ ਪੇਅਮੈਂਟ ਉੱਤੇ ਵੀ ਕੋਈ ਅਸਰ ਨਹੀਂ ਪਵੇਗਾ।

ਟੋਰੀ ਆਗੂ ਐਰਿਨ ਓਟੂਲ ਨੇ ਫੈਡਰਲ ਚੋਣ ਪ੍ਰਚਾਰ ਦੇ ਆਖਰੀ ਹਫਤੇ ਓਟਵਾ ਵਿੱਚ ਇਹ ਐਲਾਨ ਕੀਤਾ। ਓਟੂਲ ਨੇ ਆਖਿਆ ਕਿ ਫੈਡਰਲ ਮੈਟਰਨਿਟੀ ਤੇ ਪੇਰੈਂਟਲ ਬੈਨੇਫਿਟਜ਼ ਮਾਪਿਆਂ ਨੂੰ ਉਨ੍ਹਾਂ ਦੀ ਕਮਾਈ ਦਾ 55 ਫੀ ਸਦੀ ਹਾਸਲ ਕਰਨ ਦੀ ਖੁੱਲ੍ਹ ਦਿੰਦਾ ਹੈ, ਜੋ ਕਿ ਪ੍ਰਤੀ ਹਫਤੇ ਵੱਧ ਤੋਂ ਵੱਧ 595 ਡਾਲਰ ਹੈ, ਪਰ ਉਨ੍ਹਾਂ ਇਹ ਵੀ ਆਖਿਆ ਕਿ ਬਹੁਤ ਸਾਰੇ ਘੱਟ ਆਮਦਨ ਵਾਲੇ ਲੋਕ ਇਸ ਘਟੀ ਹੋਈ ਪੇਅ ਨੂੰ ਅਫੋਰਡ ਨਹੀਂ ਕਰ ਸਕਦੇ।

ਉਨ੍ਹਾਂ ਆਖਿਆ ਕਿ ਨਵੇਂ ਮਾਪੇ ਇਹ ਇੰਪਲੌਇਮੈਂਟ ਇੰਸ਼ੋਰੈਂਸ ਪੇਅਮੈਂਟਸ ਦੂਰ ਦਰਾਜ ਜਾਂ ਪਾਰਟ ਟਾਈਮ ਕੰਮ ਕਰਕੇ ਕਮਾ ਸਕਣਗੇ। ਇਸ ਤੋਂ ਇਲਾਵਾ ਓਟੂਲ ਨੇ ਕੈਨੇਡਾ ਚਾਈਲਡ ਬੈਨੇਫਿਟ ਵਿੱਚ ਪਸਾਰ ਕਰਨ ਦਾ ਵਾਅਦਾ ਕਰਦਿਆਂ ਆਖਿਆ ਕਿ ਉਹ ਬੱਚੇ ਦੇ ਜਨਮ ਦੇ ਸਮੇਂ ਗਰਭਕਾਲ ਦੇ ਸੱਤਵੇਂ ਮਹੀਨੇ ਵਿੱਚ ਇਹ ਬੈਨੇਫਿਟ ਦੇਣ ਦਾ ਵਾਅਦਾ ਕਰਦੇ ਹਨ।

## ਰੋਕੇ ਜਾਣ ਦੇ ਬਾਵਜੂਦ ਹਸਪਤਾਲ ਦੇ ਬਾਹਰ ਮੁਜ਼ਾਹਰਾਕਾਰੀਆਂ ਨੇ ਕੀਤਾ ਐਂਟੀ ਵੈਕਸੀਨ ਮੁਜ਼ਾਹਰਾ



ਟੋਰਾਂਟੋ, 13 ਸਤੰਬਰ (ਪੋਸਟ ਬਿਊਰੋ) : ਸੋਮਵਾਰ ਨੂੰ ਟੋਰਾਂਟੋ ਦੇ ਫਰੰਟਲਾਈਨ ਵਰਕਰਜ਼ ਤੇ ਫਰਸਟ ਰਿਸਪਾਂਡਰਜ਼ ਨੇ ਵੈਕਸੀਨ ਨੂੰ ਲਾਜ਼ਮੀ ਕੀਤੇ ਜਾਣ ਖਿਲਾਫ ਕੁਈਨਜ਼ ਪਾਰਕ ਦੇ ਬਾਹਰ ਸ਼ਾਂਤਮਈ ਢੰਗ ਨਾਲ ਮੁਜ਼ਾਹਰਾ ਕੀਤਾ। ਇਸ ਦੌਰਾਨ ਮੁਜ਼ਾਹਰਾਕਾਰੀਆਂ ਦੀ ਭੀੜ ਕੋਵਿਡ-19 ਮਾਪਦੰਡਾਂ ਖਿਲਾਫ ਟੋਰਾਂਟੋ ਦੇ ਜਨਰਲ ਹਸਪਤਾਲ ਦੇ ਬਾਹਰ ਇੱਕਠੀ ਹੋਈ।

...ਬਾਕੀ ਪੰਨਾ 5 'ਤੇ

## ਐਨਡੀਪੀ ਦੇ ਸਮਰਥਕਾਂ ਦਾ ਲਿਬਰਲਾਂ ਵੱਲ ਹੋ ਰਿਹਾ ਹੈ ਝੁਕਾਅ : ਨੈਨੋਜ਼



ਟੋਰਾਂਟੋ, 13 ਸਤੰਬਰ (ਪੋਸਟ ਬਿਊਰੋ) : ਵੋਟਾਂ ਪੈਣ ਵਿੱਚ ਹੁਣ ਜਦੋਂ ਇੱਕ ਹਫਤੇ ਦਾ ਸਮਾਂ ਰਹਿ ਗਿਆ ਹੈ ਤਾਂ ਅਜਿਹੇ ਵਿੱਚ ਐਨਡੀਪੀ ਆਗੂ ਜਗਮੀਤ ਸਿੰਘ ਦੇ ਸਮਰਥਨ ਵਿੱਚ ਦਰਜ ਕੀਤੀ ਗਈ ਕਮੀ ਇਹੋ ਦਰਸਾਉਂਦੀ ਹੈ ਕਿ ਉਨ੍ਹਾਂ ਦੀ ਪਾਰਟੀ ਦੇ ਕੁੱਝ ਸਮਰਥਕਾਂ ਦਾ ਝੁਕਾਅ ਲਿਬਰਲਾਂ ਵੱਲ ਹੋ ਗਿਆ ਹੈ। ਇਹ ਖੁਲਾਸਾ ਨਿੱਕ ਨੈਨੋਜ਼ ਦੀ ਨਵੀਂ ਰਿਸਰਚ ਤੋਂ ਹੋਇਆ ਹੈ।

...ਬਾਕੀ ਪੰਨਾ 5 'ਤੇ

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਨੈਨੀ ਦੀ ਲੋੜ
ਬਰੈਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ। ਕੰਮ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਫੁੱਲ ਟਾਈਮ ਹੋਵੇਗਾ। ਪਾਰਟ ਟਾਈਮ ਕੰਮ ਦੇ ਚਾਹਵਾਨ ਵੀ ਕਾਲ ਕਰ ਸਕਦੇ ਹਨ।
ਸੰਪਰਕ : 416-556-6884

ਬੇਸਮੈਂਟਸ ਕਿਰਾਏ ਲਈ ਖਾਲੀ
ਗੋਰ ਰੋਡ ਅਤੇ ਕੰਟਰੀਸਾਈਡ ਦੇ ਏਰੀਏ ਵਿਚ ਇਕ ਬੇਸਮੈਂਟ ਦੋ ਬੈਡਰੂਮ ਦੀ ਅਤੇ ਇਕ ਬੇਸਮੈਂਟ ਇਕ ਬੈਡਰੂਮ ਦੀ ਕਰਾਏ ਲਈ ਖਾਲੀ ਹੈ। ਸੈਪਰੇਟ ਕਿਚਨ ਸੈਪਰੇਟ ਫੁਲ ਵਾਸਰੂਮ, ਸ਼ਿਅਰਡ ਲਾਂਡਰੀ । ਸਿਰਫ ਫੈਮਲੀ ਵਾਲੇ ਅਤੇ ਨੌਨ ਸਮੋਕਰ ਅਤੇ ਨੋ ਪੈਟਸ ਵਾਲੇ ਹੀ ਕਾਲ ਕਰਨ ।
ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-305-9864

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


chatr™
AUTHORIZED DEALER
VISIT US AT:
1 PROMENADE CIRCLE THORNHILL, ON
NEAR ENTRANCE #3
GRAND OPENING EVENT!
SUNDAY, AUGUST 29TH
GET UP TO
50% OFF FIRST MONTH*
+
PHONE SPECIALS & GIVEAWAYS
*Offer subject to change without notice. Available only at the participating location(s) from August 3rd – August 29th, 2021. Only applicable to new activations with the sign-up of pre-authorized payments with Auto-pay. ™ Trademarks used under license ©2021

# ਕੈਂਪੇਨ ਫਾਈਨਲ ਹਫਤੇ ਵਿੱਚ ਦਾਖਲ, ਲੀਡਰਜ਼ ਦਾ ਸਾਰਾ ਜ਼ੋਰ ਓਨਟਾਰੀਓ ਤੇ ਬੀਸੀ ਉੱਤੇ ਲੱਗਿਆ



ਓਟਵਾ, 13 ਸਤੰਬਰ (ਪੋਸਟ ਬਿਊਰੋ) : ਚੋਣ ਕੈਂਪੇਨ ਦੇ ਆਖਰੀ ਹਫਤੇ ਵਿੱਚ ਦਾਖਲ ਹੋਣ ਸਮੇਂ ਤਿੰਨ ਮੁੱਖ ਪਾਰਟੀਆਂ ਦੇ ਆਗੂ ਹੁਣ ਆਪਣਾ ਸਾਰਾ ਜ਼ੋਰ ਓਨਟਾਰੀਓ ਤੇ ਬ੍ਰਿਟਿਸ਼ ਕੋਲੰਬੀਆ ਉੱਤੇ ਲਾ ਰਹੇ ਹਨ।


ਲਿਬਰਲ ਆਗੂ ਜਸਟਿਨ ਟਰੂਡੋ ਨੇ ਇਸ ਸਮੇਂ ਵੈਨਕੂਵਰ ਪਰਤ ਰਹੇ ਹਨ ਤੇ ਉਨ੍ਹਾ ਸਵੇਰ ਵੇਲੇ ਐਲਾਨ ਵੀ ਕੀਤਾ। ਇਸ ਦੌਰਾਨ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਵੱਲੋਂ ਓਟਵਾ ਦੇ ਕਾਰਪ ਸਬਰਅਰਬ ਵਿੱਚ ਆਪਣੀ ਕੈਂਪੇਨ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। ਫਿਰ ਬਾਅਦ ਵਿੱਚ ਉਹ ਓਨਟਾਰੀਓ ਤੇ ਬੀਸੀ ਦੇ ਰੈਜ਼ੀਡੈਂਟਸ ਨਾਲ ਵਰਚੂਅਲ ਟਾਊਨ ਹਾਲਜ਼ ਕਰਨਗੇ। ਇਹ ਸੱਭ ਉਹ ਓਟਵਾ ਦੇ ਉਸ ਹੋਟਲ ਵਿੱਚੋਂ ਕਰਨਗੇ ਜਿਹੜਾ ਉਨ੍ਹਾਂ ਆਪਣੀ ਕੈਂਪੇਨ ਦੌਰਾਨ ਹੈੱਡਕੁਆਰਟਰ ਵਜੋਂ ਕਾਇਮ ਕੀਤਾ ਹੋਇਆ ਹੈ। ਇਸ ਦੌਰਾਨ ਐਨਡੀਪੀ ਆਗੂ ਜਗਮੀਤ ਸਿੰਘ ਲਗਾਤਾਰ ਦੂਜੇ ਦਿਨ ਉੱਤਰੀ ਓਨਟਾਰੀਓ ਵਿੱਚ ਚੋਣ ਪ੍ਰਚਾਰ ਕਰਨਗੇ। ਉਹ ਸਿਓਕਸ ਲੁੱਕਆਊਟ ਦੀ ਉੱਤਰ ਪੱਛਮੀ ਕਮਿਊਨਿਟੀ ਤੋਂ ਆਪਣੇ ਦਿਨ ਦੀ ਸ਼ੁਰੂਆਤ ਕਰਨਗੇ ਤੇ ਫਿਰ ਨੇਸਕਾਨਤਾਗਾ ਫਰਸਟ ਨੇਸ਼ਨ ਦੇ ਲੋਕਾਂ ਨਾਲ ਮਿਲਣਗੇ।

# ਚੋਣ ਵਾਅਦਿਆਂ ਦਾ ਦੱਬ ਕੇ ਪ੍ਰਚਾਰ ਕਰਨ ਵਿੱਚ ਰੁੱਝੇ ਹੋਏ ਹਨ ਆਗੂ

ਓਟਵਾ, 12 ਸਤੰਬਰ (ਪੋਸਟ ਬਿਊਰੋ) : ਲਿਬਰਲ ਆਗੂ ਜਸਟਿਨ ਟਰੂਡੋ ਵੱਲੋਂ ਐਨਡੀਪੀ ਉੱਤੇ ਨਿਸ਼ਾਨਾਂ ਸਾਧਦਿਆਂ ਆਖਿਆ ਗਿਆ ਕਿ ਪਾਰਟੀ ਨਵੀਂ ਆਮਦਨ ਦੇ ਰੂਪ ਵਿੱਚ ਕਈ ਬਿਲੀਅਨ ਡਾਲਰ ਇੱਕਠੇ ਕਰਨ ਦੇ ਦਾਅਵੇ ਕਰ ਰਹੀ ਹੈ ਪਰ ਕੋਈ ਵੀ ਸਰਕਾਰ ਅਮੀਰਾਂ ਉੱਤੇ ਕਿੰਨਾਂ ਟੈਕਸ ਲਾ ਸਕਦੀ ਹੈ ਇਸ ਦੀ ਵੀ ਇੱਕ ਹੱਦ ਹੁੰਦੀ ਹੈ। ਐਨਡੀਪੀ ਇਹ ਵਾਅਦੇ ਕਰ ਰਹੀ ਹੈ ਕਿ ਫਾਰਮਾਕੇਅਰ ਤੇ ਡੈਂਟਲ ਕੇਅਰ ਵਰਗੇ ਪ੍ਰੋਗਰਾਮ ਸਿਰਜ ਕੇ ਲੋਕਾਂ ਨੂੰ ਸਹੂਲਤ ਦੇਵੇਗੀ ਤੇ ਇਸ ਲਈ ਅਮੀਰਾਂ ਉੱਤੇ ਅਤੇ ਬੇਹੱਦ ਮੁਨਾਫਾ ਕਮਾਉਣ ਵਾਲੀਆਂ ਕਾਰਪੋਰੇਸ਼ਨਜ਼ ਉੱਤੇ ਟੈਕਸ ਲਾ ਕੇ ਇਸ ਦਾ ਖਰਚਾ ਕੱਢੇਗੀ। ਲਾ ਪ੍ਰੇਅਰੀ, ਕਿਊਬਿਕ ਵਿੱਚ ਕੈਂਪੇਨ ਪੜਾਅ ਦੌਰਾਨ ਟਰੂਡੋ ਨੇ ਆਖਿਆ ਕਿ ਤੁਸੀਂ ਅਮੀਰ ਕੈਨੇਡੀਅਨਾਂ ਪਿੱਛੇ ਹੱਥ ਧੋ ਕੇ ਨਹੀਂ ਪੈ ਸਕਦੇ ਤੇ ਐਨਡੀਪੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਰਹੀ ਹੈ। ਇਸ ਉੱਤੇ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਇਸ ਮਾਮਲੇ ਵਿੱਚ ਟਰੂਡੋ ਦੀ ਸੀਮਤ ਸੋਚ ਦਾ ਉਹ ਕੁੱਝ ਨਹੀਂ ਕਰ ਸਕਦੇ। ਉਨ੍ਹਾਂ ਆਖਿਆ ਕਿ ਟਰੂਡੋ ਦੀ ਅਗਵਾਈ ਵਿੱਚ ਅਜਿਹੇ ਅਮੀਰਾਂ ਨੇ ਖੂਬ ਮਜ਼ੇ ਕੀਤੇ ਅਤੇ ਲਿਬਰਲ ਸਰਕਾਰ ਨੇ ਉਨ੍ਹਾਂ ਤੋਂ ਜਿੰਨੀ ਆਮਦਨ ਇੱਕਠੀ ਹੋ ਸਕਦੀ ਸੀ ਉਹ ਨਹੀਂ ਕੀਤੀ। ਉਨ੍ਹਾਂ ਸਡਬਰੀ ਵਿੱਚ ਕੈਂਪੇਨ ਕਰਦਿਆਂ ਆਖਿਆ ਕਿ ਇੱਕ ਮਿੰਟ ਪਿੱਛੇ ਅਸੀਂ ਜਿਹੜਾ ਪੈਸਾ ਗੁਆ ਰਹੇ ਹਾਂ ਉਹ ਹੈ 50,000 ਡਾਲਰ। ਟਰੂਡੋ ਨੇ ਪੱਤਰਕਾਰਾਂ ਨਾਲ ਕਲਾਈਮੇਟ ਚੇਂਜ ਤੇ ਗੰਨ ਕੰਟਰੋਲ ਬਾਰੇ ਵੀ ਗੱਲ ਕੀਤੀ ਤੇ ਇਨ੍ਹਾਂ ਮੁੱਦਿਆਂ ਬਾਰੇ ਸਪਸ਼ਟ ਰਾਇ ਪੇਸ਼ ਨਾ ਕਰਨ ਲਈ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੂੰ ਵੀ ਲੰਮੇਂ ਹੱਥੀਂ ਲਿਆ। ਇਸ ਦੌਰਾਨ ਓਟੂਲ ਪੱਛਮੀ ਹਿੱਸੇ ਵਿੱਚ ਵੈਨਕੂਵਰ ਵਿੱਚ ਪਾਰਟੀ ਪਲੇਟਫਾਰਮ ਦਾ ਪ੍ਰਚਾਰ ਕਰ ਰਹੇ ਸਨ। ਇਹ ਐਡਵਾਂਸ ਪੋਲਿੰਗ ਦਾ ਸੈਕਿੰਡ ਲਾਸਟ ਦਿਨ ਸੀ। ਇਲੈਕਸ਼ਨਜ਼ ਕੈਨੇਡਾ ਨੇ ਆਖਿਆ ਕਿ 1·3 ਮਿਲੀਅਨ ਕੈਨੇਡੀਅਨਜ਼ ਨੇ ਸ਼ੁੱਕਰਵਾਰ ਨੂੰ ਐਡਵਾਂਸ ਪੋਲਿੰਗ ਦੇ ਪਹਿਲੇ ਦਿਨ ਵੋਟਾਂ ਪਾਈਆਂ।


# ਵ੍ਹਿਟਬੀ ਵਿੱਚ ਹੋਏ ਹਾਦਸੇ ਵਿੱਚ 1 ਹਲਾਕ, 2 ਜ਼ਖ਼ਮੀ

ਵ੍ਹਿਟਬੀ, 13 ਸਤੰਬਰ (ਪੋਸਟ ਬਿਊਰੋ) : ਸੋਮਵਾਰ ਸਵੇਰੇ ਵ੍ਹਿਟਬੀ ਵਿੱਚ ਦੋ ਗੱਡੀਆਂ ਦੀ ਟੱਕਰ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਦੋ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਦੁਪਹਿਰ ਦੇ 3:30 ਵਜੇ ਲੇਕਰਿੱਜ ਰੋਡ ਤੇ ਕੋਲੰਬਸ ਰੋਡ ਵੈਸਟ ਨੇੜੇ ਉੱਤਰੀ ਵ੍ਹਿਟਬੀ ਵਿੱਚ ਵਾਪਰੇ ਇਸ ਹਾਦਸੇ ਤੋਂ ਬਾਅਦ ਦਰਹਾਮ ਰੀਜਨਲ ਪੁਲਿਸ ਨੂੰ ਮੌਕੇ ਉੱਤੇ ਸੱਦਿਆ ਗਿਆ। ਦੋਵਾਂ ਗੱਡੀਆਂ ਵਿੱਚੋਂ ਇੱਕ ਦੇ ਡਰਾਈਵਰ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਗੱਡੀ ਵਿੱਚ ਸਵਾਰ ਮਹਿਲਾ ਪੈਸੈਂਜਰ ਨੂੰ ਏਅਰਲਿਫਟ ਕਰਕੇ ਟਰੌਮਾ ਸੈਂਟਰ ਲਿਜਾਇਆ ਗਿਆ। ਦੂਜੀ ਗੱਡੀ ਦੇ ਡਰਾਈਵਰ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਮਾਮਲੇ ਦੀ ਜਾਂਚ ਲਈ ਕੋਲੰਬਸ ਰੋਡ ਤੋਂ ਕੰਸੈਸ਼ਨ ਰੋਡ 8 ਤੱਕ ਦੋਵਾਂ ਪਾਸਿਆਂ ਤੋਂ ਲੇਕਰਿੱਜ ਰੋਡ ਨੂੰ ਬੰਦ ਕੀਤਾ ਗਿਆ ਹੈ। ਕੋਲੰਬਸ ਦੇ ਦੱਖਣ ਵੱਲ ਵਿੰਚੈਸਟਰ ਰੋਡ ਨੂੰ ਬੰਦ ਕੀਤਾ ਗਿਆ ਹੈ।

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training


ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor

For More Details Call: 416-970-5005/647-242-8667

Jas Toor
Sales Repersentative
Sutton Group-Realty Experts
Brokerage*
Jagdish Grewal
Sales Repersentative
President Realty Inc.
Brokerage*


## ਅੱਜ ਨਾਮਾ

ਛੱਡਦੀ ਅੜੀ ਨਾ ਅਜੇ ਸਰਕਾਰ ਮੀਆਂ,
ਦੱਸਦੀ ਨਹੀਂ ਜਾਸੂਸੀ ਦਾ ਰਾਜ਼ ਮੀਆਂ।
ਕੀਤਾ ਗਲਤ ਜਾਂ ਦੱਸੋ ਕੀ ਠੀਕ ਕੀਤਾ,
ਉੱਠਦੀ ਦੇਸ਼ ਦੇ ਵਿੱਚ ਆਵਾਜ਼ ਮੀਆਂ।
ਵੱਡੀ ਕੋਰਟ ਵੀ ਦੇਸ਼ ਦੀ ਸਖਤ ਹੋਈ,
ਕਰਦੀ ਦਿੱਸੇ ਨਾ ਕੁਝ ਲਿਹਾਜ਼ ਮੀਆਂ।
ਮੰਨਦੀ ਨਹੀਂ ਸਰਕਾਰ ਤਾਂ ਵਧੂ ਰੱਫੜ,
ਮੰਨੀ ਜੇਕਰ ਤਾਂ ਖੁੱਲ੍ਹਣਗੇ ਪਾਜ਼ ਮੀਆਂ।
ਆ ਗਿਆ ਸੱਥ ਦੇ ਵਿੱਚ ਹੈ ਲੋਕਤੰਤਰ,
ਏਧਰ ਲੋਕ ਤੇ ਓਧਰ ਸਰਕਾਰ ਮੀਆਂ।
ਖਿੱਚੋਤਾਣ ਆ ਦੋਵਾਂ ਵਿੱਚ ਹੋਈ ਜਾਂਦੀ,
ਨਜ਼ਰਾਂ ਗੱਡੀ ਆ ਬੈਠਾ ਸੰਸਾਰ ਮੀਆਂ।

**ਤੀਸ ਮਾਰ ਖਾਂ**

# ਬਾਦਲ ਅਕਾਲੀ ਦਲ ਵਲੋਂ ਵਿਧਾਨ ਸਭਾ ਚੋਣਾਂ ਦੇ 64 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ

### * ਵੱਡੇ ਬਾਦਲ ਦੀਆਂ '9 ਪੈਨਸ਼ਨਾਂ' ਦਾ ਪ੍ਰਚਾਰ ਗਲਤ ਨਿਕਲਿਆ

ਚੰਡੀਗੜ੍ਹ, 13 ਸਤੰਬਰ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੇ ਅਗਲੇ ਸਾਲ 2022 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਸਭ ਤੋਂ ਪਹਿਲਾਂ ਪਹਿਲਾਂ ਆਪਣੇ ਉਮੀਦਵਾਰਾਂ ਦੀ ਲਿਸਟ ਜਾਰੀ ਕੀਤੀ ਹੈ। ਇਸ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦਾ ਸਮਝੌਤਾ ਹੈ, ਜਿਸ ਮੁਤਾ-ਬਕ ਵੀਹ ਸੀਟਾਂ ਬਹੁਜਨ ਸਮਾਜ ਪਾਰਟੀ ਅਤੇ 97 ਸੀਟਾਂ ਅਕਾਲੀ ਦਲ ਨੇ ਲੜਨੀਆਂ ਹਨ। ਅੱਜ ਅਕਾਲੀ ਦਲ ਨੇ ਆਪਣੇ 64 ਉਮੀਦਵਾਰਾਂ ਐਲਾਨ ਕਰ ਦਿੱਤਾ ਹੈ।

ਪਾਰਟੀ ਲੀਡਰਸ਼ਿਪ ਦੇ ਇਸਐਲਾਨਮੁਤਾਬਕ ਅਕਾਲੀ ਦਲ ਵੱਲੋਂ ਹਲਕਾ ਸੁਜਾਨਪੁਰ ਤੋਂ ਰਾਜ ਕੁਮਾਰ ਗੁਪਤਾ, ਗੁਰਦਾਸਪੁਰ ਤੋਂ ਗੁਰ-ਬਚਨ ਸਿੰਘ ਬੱਬੇਹਾਲੀ, ਅਜਨਾਲਾ ਤੋਂ ਅਮਰਪਾਲ ਸਿੰਘ ਬੋਨੀ, ਜੰਡਿਆਲਾ ਗੁਰੂ ਤੋਂ ਮਲਕੀਤ ਸਿੰਘ ਏ ਆਰ, ਅੰਮ੍ਰਿਤਸਰ ਉੱਤਰੀ ਤੋਂ ਭਾਜਪਾ ਵਿੱਚੋਂ ਆਏ ਸਾਬਕਾ ਮੰਤਰੀ ਅਨਿਲ ਜੋਸ਼ੀ, ਅੰਮ੍ਰਿਤਸਰ ਪੱਛਮੀ ਤੋਂ ਡਾ. ਦਲਬੀਰ ਸਿੰਘ ਵੇਰਕਾ,ਹਲਕਾਦੱਖਣੀ ਤੋਂ ਤਲਬੀਰ ਸਿੰਘ ਗਿੱਲ, ਅਟਾਰੀ ਤੋਂ ਗੁਲਜ਼ਾਰ ਸਿੰਘ ਰਣੀਕੇ, ਤਰਨ ਤਾਰਨ ਤੋਂ ਹਰਮੀਤ ਸਿੰਘ ਸੰਧੂ, ਖੇਮਕਰਨ ਤੋਂ ਵਿਰਸਾ ਸਿੰਘ ਵਲਟੋਹਾ, ਪੱਟੀ ਤੋਂ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਫਿਲੌਰ ਹਲਕੇ ਤੋਂ ਬਲਦੇਵ ਸਿੰਘ ਖਹਿਰਾ, ਨਕੋਦਰ ਤੋਂ ਗੁਰਪ੍ਰਤਾਪ ਸਿੰਘ ਵਡਾਲਾ, ਜਲੰਧਰ ਕੇਂਦਰੀ ਤੋਂ ਚੰਦਨ ਗਰੇਵਾਲ, ਜਲੰਧਰ ਕੈਂਟ ਤੋਂ ਜਗਬੀਰ ਸਿੰਘ ਬਰਾੜ, ਆਦਮਪੁਰ ਤੋਂ ਪਵਨ ਕੁਮਾਰ ਟੀਨੂੰ, ਮੁਕੇਰੀਆਂ ਤੋਂ ਸਰਬਜੀਤ ਸਿੰਘ ਸਾਬੀ, ਚੱਬੇਵਾਲ ਹਲਕੇ ਤੋਂ ਸੋਹਣ ਸਿੰਘ ਠੰਡਲ, ਗੜ੍ਹਸ਼ੰਕਰ ਤੋਂ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਬੰਗਾ ਤੋਂ ਡਾ. ਸੁਖਵਿੰਦਰ ਸਿੰਘ ਸੁੱਖੀ, ਰੋਪੜ ਤੋਂ ਡਾ. ਦਲਜੀਤ ਸਿੰਘ ਚੀਮਾ, ਖਰੜ ਤੋਂ ਰਣਜੀਤ ਸਿੰਘ ਗਿੱਲ, ਫਤਿਹਗੜ੍ਹ



ਸਾਹਿਬ ਤੋਂ ਜਗਦੀਪ ਸਿੰਘ ਚੀਮਾ ਅਤੇ ਅਮਲੋਹ ਤੋਂ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੂੰ ਟਿਕਟ ਦਿੱਤੀ ਗਈ ਹੈ।

ਅਕਾਲੀ ਦਲ ਨੇ ਸਮਰਾਲਾ ਤੋਂ ਪਰਮਜੀਤ ਸਿੰਘ ਢਿੱਲੋਂ, ਸਾਹਨੇਵਾਲ ਤੋਂ ਸਿਮਰਨਜੀਤ ਸਿੰਘ ਢਿੱਲੋਂ, ਲੁਧਿਆਣਾ ਪੂਰਬੀ ਤੋਂ ਰਣਜੀਤ ਸਿੰਘ ਗਿੱਲ, ਆਤਮ ਨਗਰ ਤੋਂ ਹਰੀਸ਼ ਰਾਏ ਡਾਂਡਾ, ਲੁਧਿਆਣਾ ਕੇਂਦਰੀ ਤੋਂ ਪ੍ਰਿਤਪਾਲ ਸਿੰਘਪਾਲੀ, ਲੁਧਿਆਣਾ ਪੱਛਮੀ ਤੋਂ ਮਹੇਸ਼ ਇੰਦਰ ਸਿੰਘ ਗਰੇਵਾਲ, ਗਿੱਲ ਤੋਂ ਦਰਸ਼ਨ ਸਿੰਘ ਸ਼ਿਵਾਲਿਕ, ਦਾਖਾ ਤੋਂ ਮਨਪ੍ਰੀਤ ਸਿੰਘ ਅਯਾਲੀ, ਜਗਰਾਓਂ ਤੋਂ ਐੱਸ ਆਰ ਕਲੇਰ, ਬਾਘਾ ਪੁਰਾਣਾ ਤੋਂ ਤੀਰਥ ਸਿੰਘ ਮਾਹਲਾ, ਮੋਗਾ ਤੋਂ ਬਰਜਿੰਦਰ ਸਿੰਘਮੱਖਣ, ਧਰਮਕੋਟ ਤੋਂ ਜਥੇਦਾਰ ਤੋਤਾ ਸਿੰਘ, ਜ਼ੀਰਾ ਤੋਂ ਜਨਮੇਜਾ ਸਿੰਘ ਸੇਖੋਂ, ਫਿਰੋਜ਼ਪੁਰ ਦੇਹਾਤੀ ਤੋਂ ਜੋਗਿੰਦਰ ਸਿੰਘ ਜਿੰਦੂ, ਗੁਰੂ ਹਰਸਹਾਏ ਤੋਂ ਵਰਦੇਵ ਸਿੰਘ ਨੋਨੀ ਮਾਨ, ਜਲਾਲਾਬਾਦ ਤੋਂ ਸੁਖਬੀਰ ਸਿੰਘ ਬਾਦਲ, ਫਾਜ਼ਿਲਕਾ ਵਿਚ ਹੰਸ ਰਾਜ ਜੋਸਨ, ਗਿੱਦੜਬਾਹਾ ਤੋਂ ਹਰਦੀਪ ਸਿੰਘ ਡਿੰਪੀ, ਮਲੋਟ ਤੋਂ ਹਰਪ੍ਰੀਤ ਸਿੰਘ ਕੋਟਭਾਈ, ਮੁਕਤਸਰ ਤੋਂ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਫਰੀਦਕੋਟ ਤੋਂ ਪਰਮਬੰਸ ਸਿੰਘ ਬੰਟੀ ਰੋਮਾਣਾ, ਕੋਟਕਪੂਰਾ ਤੋਂ ਮਨਤਾਰ ਸਿੰਘ ਬਰਾੜ, ਜੈਤੋ ਤੋਂ ਸੂਬਾ ਸਿੰਘ ਬਾਦਲ, ਰਾਮਪੁਰਾ ਫੂਲ ਤੋਂ ਸਿਕੰਦਰ ਸਿੰਘ ਮਲੂਕਾ, ਭੁੱਚੋ ਮੰਡੀ ਤੋਂ ਦਰਸ਼ਨ ਸਿੰਘ ਕੋਟਫੱਤਾ, ਬਠਿੰਡਾ ਸ਼ਹਿਰੀ ਤੋਂ ਸਰੂਪ ਸਿੰਗਲਾ, ਦੇਹਾਤੀ ਤੋਂ ਪ੍ਰਕਾਸ਼ ਸਿੰਘ ਭੱਟੀ, ਤਲਵੰਡੀ ਸਾਬੋ ਤੋਂ ਜੀਤ ਮੋਹਿੰ-ਦਰ ਸਿੰਘ ਸੰਧੂ, ਮੌੜਮੰਡੀ ਹਲਕੇ ਤੋਂ ਜਗਮੀਤ ਸਿੰਘ ਬਰਾੜ, ਮਾਨਸਾ ਤੋਂ ਪ੍ਰੇਮ ਕੁਮਾਰ ਅਰੋੜਾ, ਦਿੜਬਾ ਤੋਂ ਗੁਲਜ਼ਾਰ ਸਿੰਘ, ਭਦੌੜ ਤੋਂ ਸਤਨਾਮ ਸਿੰਘ ਰਾਹੀ, ਬਰਨਾਲਾ ਤੋਂ ਕੁਲਵੰਤ ਸਿੰਘ ਕੰਤਾ, ਅਮਰਗੜ੍ਹ ਤੋਂ ਇਕਬਾਲ ਸਿੰਘ ਝੂੰਦਾਂ, ਨਾਭਾ ਤੋਂ ਕਬੀਰ ਦਾਸ, ਰਾਜਪੁਰਾ ਹਲਕੇ ਤੋਂ ਚਰਨਜੀਤ ਸਿੰਘ ਬਰਾੜ, ਡੇਰਾ ਬੱਸੀ ਤੋਂ ਐਨ ਕੇ ਸ਼ਰਮਾ, ਸਨੌਰ ਤੋਂ ਹਰਿੰਦਰ ਪਾਲ ਸਿੰਘ ਚੰਦੂਮਾਜਰਾ, ਸਮਾਣਾ ਹਲਕੇ ਤੋਂ ਸੁਰਜੀਤ ਸਿੰਘ ਰੱਖੜਾ ਅਤੇ ਸ਼ੁਤਰਾਣਾ ਤੋਂ ਵਨਿੰਦਰ ਕੌਰ ਲੂੰਬਾ ਦੇ ਨਾਂ ਦਾ ਐਲਾਨ ਕੀਤਾ ਹੈ।

ਇਸ ਦੌਰਾਨ ਪੰਜਾਬ ਦੇ ਪੰਜ ਵਾਰੀ ਰਹਿ ਚੁੱਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 9 ਪੈਨਸ਼ਨਾਂ ਮਿਲਣ ਸਬੰਧੀ ਸੋਸ਼ਲ ਮੀਡੀਆ ਉੱਤੇ ਚੱਲਦੇ ਪ੍ਰਚਾਰ ਬਾਰੇ ਖਬਰ ਹੈ ਕਿ ਇਹ ਕੋਰਾ ਝੂਠ ਹੈ। ਅਕਾਲੀ ਦਲ ਦੇ ਰਾਜਪੁਰਾ ਤੋਂ ਉਮੀਦਵਾਰ ਤੇ ਸੁਖਬੀਰ ਸਿੰਘ ਬਾਦਲ ਦੇ ਓ ਐੱਸ ਡੀ ਚਰਨਜੀਤ ਸਿੰਘ ਬਰਾੜ ਨੇ ਕਿਹਾ ਹੈ ਕਿ ਉਨ੍ਹਾਂ ਨੇ ਆਰ ਟੀ ਆਈ (ਸੂਚਨਾ ਅਧਿਕਾਰ ਅਰਜ਼ੀ) ਰਾਹੀਂ ਵਿਧਾਨ ਸਭਾ ਤੋਂ ਜਾਣਕਾਰੀ ਮੰਗੀ ਸੀ ਕਿ ਪ੍ਰਕਾਸ਼ ਸਿੰਘ ਬਾਦਲ ਨੂੰ ਕਿੰਨੀ ਪੈਨਸ਼ਨ ਮਿਲਦੀ ਹੈ ਤੇ ਵਿਧਾਨ ਸਭਾ ਦੇ ਅੰਦਰ ਸੈਕਟਰੀ-ਕਮ-ਲੋਕ ਸੂਚਨਾ ਅਧਿਕਾਰੀ ਨੇ ਲਿਖਤੀ ਜਵਾਬ ਦਿੱਤਾ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ (ਅੱਜਕੱਲ੍ਹ ਵਿਧਾਇਕ) ਨੂੰ ਸਾਬਕਾ ਵਿਧਾਇਕ ਵਜੋਂ ਪਿਛਲੇ ਸਮੇਂ ਵਿੱਚਕੋਈ ਪੈਨਸ਼ਨ ਨਹੀਂ ਦਿੱਤੀ ਗਈ। ਮੌਜੂਦਾ ਮੈਂਬਰ ਹੋਣ ਕਾਰਨ ਉਹ ਸਿਰਫ ਤਨਖਾਹ ਲੈਂਦੇ ਹਨ, ਮੌਜੂਦਾ ਵਿਧਾਇਕਾਂ ਨੂੰ ਪੈਨਸ਼ਨ ਮਿਲਣ ਯੋਗ ਨਹੀਂ, ਪੈਨਸ਼ਨ ਸਿਰਫ ਸਾਬਕਾ ਵਿਧਾਇਕਾਂ ਨੂੰ ਮਿਲਦੀ ਹੈ।

# ਸੁਖਪਾਲ ਖਹਿਰਾ ਦੀ ਡਾਇਰੀ ਦੇਕਾਰਨ ਆਮ ਆਦਮੀ ਪਾਰਟੀ ਕਸੂਤੀ ਫਸਣ ਲੱਗੀ

### * ਅਮਰੀਕਾ ਤੋਂ ਫੰਡ ਮਿਲਣ ਬਾਰੇ ਈ ਡੀ ਵੱਲੋਂ ਕੌਮੀ ਆਗੂ ਨੂੰ ਨੋਟਿਸ

ਨਵੀਂ ਦਿੱਲੀ, 13 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਾਲ 2016 ਵਿੱਚ ਅਮਰੀਕਾ ਤੋਂ ਪੈਸੇ ਉਗਰਾਹੁਣ ਦੇ ਕੇਸ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਆਮ ਆਦਮੀ ਪਾਰਟੀ ਦੇ ਨੈਸ਼ਨਲਸੈਕਟਰੀ ਪੰਕਜ ਗੁਪਤਾ ਨੂੰ ਪੁੱਛਗਿੱਛ ਲਈ ਨੋਟਿਸ ਭੇਜਿਆ ਹੈ।



ਈ ਡੀ ਦੇ ਮੁਤਾਬਕ ਆਮ ਆਦਮੀ ਪਾਰਟੀ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਵਿਰੁੱਧ ਛਾਪੇ ਵਿੱਚ ਮਿਲੀ ਡਾਇਰੀ ਬਾਰੇ ਉਨ੍ਹਾਂ ਨੂੰ ਪੁੱਛਗਿੱਛ ਲਈ ਸੱਦਿਆ ਗਿਆ ਹੈ। ਖਹਿਰਾ ਦੀ ਡਾਇਰੀ ਵਿੱਚਆਮ ਆਦਮੀ ਪਾਰਟੀ ਨੂੰ ਅਮਰੀਕਾ ਤੋਂ ਲੱਖਾਂ ਡਾਲਰ ਮਿਲਣ ਦਾ ਜ਼ਿਕਰ ਹੈ, ਪਰ ਪੁੱਛਗਿੱਛ ਵਿੱਚ ਖਹਿਰਾ ਨੇ ਕਿਹਾ ਕਿ ਇਸ ਦੀ ਉਨ੍ਹਾਂ ਨੂੰ ਬਹੁਤੀ ਜਾਣਕਾਰੀ ਨਹੀਂ, ਇਹ ਪਾਰਟੀ ਨਾਲ ਜੁੜਿਆ ਮਸਲਾ ਹੈ ਤੇ ਪੰਜਾਬ ਚੋਣਾਂ ਤੋਂ ਪਹਿਲਾਂ ਜਿਹੜਾ ਪੈਸਾ ਇਕੱਠਾ ਕੀਤਾ ਸੀ, ਉਹ ਪਾਰਟੀ ਦਾ ਸੀ, ਇਸ ਲਈ ਇਸ ਕੇਸ ਵਿੱਚ ਉਹ ਬਹੁਤੀ ਜਾਣਕਾਰੀ ਨਹੀਂ ਦੇ ਸਕਦੇ।

ਇਸ ਸੰਬੰਧ ਵਿੱਚ ਈ ਡੀ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੰਕਜ ਗੁਪਤਾ ਨੂੰ ਹਾਲੇ ਇੱਕ ਦੋਸ਼ੀ ਜਾਂ ਚਸ਼ਮਦੀਦ ਗਵਾਹ ਵਜੋਂ ਨਹੀਂ ਬੁਲਾਇਆ, ਸਿਰਫ਼ ਸਪਸ਼ਟੀਕਰਨ ਲਈ ਸੰਮਨ ਭੇਜਿਆ ਹੈ।ਈ ਡੀਜਾਨਣਾ ਚਾਹੁੰਦੀ ਹੈ ਕਿ ਖਹਿਰਾ ਦੀ ਡਾਇਰੀ ਵਿੱਚ ਅਮਰੀਕਾ ਤੋਂ ਆਏ ਪਾਰਟੀ ਫੰਡ ਦੇ ਜਿਸ ਪੈਸੇ ਦਾ ਜ਼ਿਕਰ ਹੈ, ਉਸ ਬਾਰੇ ਆਮ ਆਦਮੀ ਪਾਰਟੀ ਨੇ ਆਮਦਨ ਟੈਕਸਅਤੇ ਹੋਰ ਸਬੰਧਤ ਵਿਭਾਗਾਂ ਨੂੰ ਜਾਣਕਾਰੀ ਦਿੱਤੀ ਹੈ ਜਾਂ ਨਹੀਂਅਤੇ ਨਾਲ ਹੀ ਇਹ ਵੀ ਕਿ ਅਮਰੀਕਾ ਤੋਂ ਇਹ ਪੈਸਾਇਕੱਠਾ ਕਿਵੇਂ ਕੀਤਾ ਗਿਆ ਸੀ।

ਸੀਨੀਅਰ ਅਧਿਕਾਰੀ ਮੁਤਾਬਕ ਇਹ ਏਜੰਸੀ ਅਮਰੀਕਾ ਦਾ ਦੌਰਾ ਕਰ ਚੁੱਕੇ ਆਮ ਆਦਮੀ ਪਾਰਟੀ ਦੇਆਗੂਆਂ ਦੀ ਸਾਰੀ ਜਾਣਕਾਰੀ ਇਕੱਠੀ ਕਰ ਰਹੀ ਹੈ ਅਤੇ ਉਨ੍ਹਾਂ ਤੋਂ ਪੈਸੇ ਇਕੱਠੇ ਕਰਨ ਤੇ ਉਨ੍ਹਾਂ ਨੂੰ ਭਾਰਤ ਭੇਜਣ ਬਾਰੇ ਪੁੱਛਗਿੱਛ ਕੀਤੀ ਜਾਵੇਗੀ।ਈ ਡੀ ਨੇ ਸਾਫ਼ ਕੀਤਾ ਹੈ ਕਿ ਹਾਲੇ ਇਸ ਕੇਸ ਵਿੱਚਆਮ ਆਦਮੀ ਪਾਰਟੀ ਦੇ ਖ਼ਿਲਾਫ਼ ਵੱਖਰੇ ਤੌਰ ਉੱਤੇ ਮਨੀ ਲਾਂਡਰਿੰਗ ਦਾ ਕੇਸ ਦਰਜ ਨਹੀਂ ਕੀਤਾ, ਸਗੋਂ ਸੁਖਪਾਲ ਸਿੰਘ ਖਹਿਰਾ ਖ਼ਿਲਾਫ਼ ਦਰਜ ਕੇਸ ਦੇ ਸਿਲਸਿਲੇ ਵਿੱਚ ਵੀ ਸਿਰਫ਼ ਪੁੱਛਗਿੱਛਲਈ ਸੱਦਿਆ ਹੈ।ਵਰਨਣ ਯੋਗ ਹੈ ਕਿ ਈ ਡੀਸੁਖਪਾਲ ਸਿੰਘ ਖਹਿਰਾ ਖ਼ਿਲਾਫ਼ ਕਈ ਕੇਸਾਂ ਦੀ ਜਾਂਚ ਕਰ ਰਹੀ ਹੈ, ਜਿਨ੍ਹਾਂ ਵਿੱਚ ਡਰੱਗ ਸਮੱਗਲਿੰਗ ਦੇ ਧੰਦੇ ਨਾਲ ਨਾਜਾਇਜ਼ ਜਾਇਦਾਦ ਬਣਾਉਣ ਅਤੇ ਫਰਜ਼ੀ ਦਸਤਾਵੇਜ਼ਾਂ ਦੇ ਸਹਾਰੇ ਲੋਕਾਂ ਦਾ ਪਾਸ-ਪੋਰਟ ਬਣਵਾਉਣ ਦਾ ਕੇਸ ਵੀ ਸ਼ਾਮਲ ਹੈ।

# ਕੈਪਟਨ ਦੀ ਕਿਸਾਨਾਂ ਨੂੰ ਸਲਾਹ: ਮੋਦੀ ਸਰਕਾਰ 'ਤੇ ਦਬਾਅ ਬਣਾਉਣਾ ਹੈ ਤਾਂ ਪੰਜਾਬ ਦੀ ਬਜਾਏ ਦਿੱਲੀ ਵਿੱਚ ਰੋਸ ਪ੍ਰਦਰਸ਼ਨ ਕਰੋ

### * ਬਾਦਲ ਪਹਿਲਾਂ ਖੇਤੀ ਕਾਨੂੰਨਾਂ ਦੇ ਪੱਖ ਵਿਚ ਸੀ, ਫਿਰ ਬਦਲ ਗਏ : ਕੈਪਟਨ

ਬੁੱਲ੍ਹੋਵਾਲ ਸੇਖੜੀ (ਐਸਬੀਐਸ ਨਗਰ), 13 ਸਤੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਕੇਸ ਵਿੱਚ ਅਕਾਲੀ ਦਲ ਉੱਤੇ ਤਿੱਖਾ ਹਮਲਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੋਮਵਾਰ ਨੂੰ ਕਿਹਾ ਕਿ ਇਹ ਕਾਨੂੰਨ ਹਰਸਿਮਰਤ ਕੌਰ ਬਾਦਲ ਅਤੇ ਅਕਾਲੀ ਦਲ ਦੀ ਸਹਿਮਤੀ ਨਾਲ ਬਣਾਏ ਗਏ ਸਨ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਇਨ੍ਹਾਂ ਦੇ ਪੱਖ ਵਿੱਚ ਬਹਿਸ ਕਰਦੇ ਸਨ, ਪਰ ਜਦੋਂ ਉਨ੍ਹਾਂ ਦੇ ਕਦਮ ਪਿੱਛੇ ਹਟ ਗਏ ਤਾਂ ਉਨ੍ਹਾਂ ਦੀ ਸੁਰ ਬਦਲ ਗਈ ਹੈ।



ਇਸ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇਕਿਸਾਨ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਕੇਂਦਰਦੇ ਪਾਸ ਕੀਤੇ ਖੇਤੀ ਕਾਨੂੰਨਾਂ ਵਿਰੁੱਧ ਪੰਜਾਬ ਵਿੱਚ ਰੋਸ ਪ੍ਰਦਰਸ਼ਨ ਨਾ ਕਰਨ, ਕਿਉਂਕਿ ਰਾਜ ਸਰਕਾਰ ਤੇ ਇਸ ਦੇ ਲੋਕਾਂ ਦੀ ਪਹਿਲਾਂ ਹੀ ਉਨ੍ਹਾਂ ਨਾਲ ਏਕਤਾ ਹੈ।ਇਸ ਅੰਦੋਲਨ ਉੱਤੇ ਚਿੰਤਾ ਜ਼ਾਹਰ ਕਰਦਿਆਂ ਉਨ੍ਹਾ ਨੇ ਕਿਹਾ ਕਿ ਜੇ ਕੇਂਦਰ ਸਰਕਾਰ ਉੱਤੇ ਦਬਾਅ ਚਾਹੁੰਦੇ ਹੋ ਤਾਂ ਦਿੱਲੀਜਾ ਕੇ ਅੰਦੋਲਨ ਕਰੋਤੇ ਇਸ ਨਾਲ ਪੰਜਾਬ ਵਿੱਚ ਹਲਚਲ ਨਾ ਕਰੋ। ਉਨ੍ਹਾਂ ਕਿਹਾ ਕਿ ਜਿਸ ਰਾਜ ਦੇ ਲੋਕ ਆਪਣੇ ਜਾਇਜ਼ ਮੁੱਦਿਆਂ ਲਈ ਕਿਸਾਨਾਂ ਨਾਲ ਚੱਟਾਨ ਵਾਂਗ ਖੜ੍ਹੇ ਹਨ, ਓਥੇ ਭਾਜਪਾ ਵੱਲੋਂ ਪਾਸ ਕੀਤੇ ਖੇਤੀਬਾੜੀ ਕਾਨੂੰਨਾਂ ਵਿਰੁੱਧ ਰੋਸ ਪ੍ਰਦਰਸ਼ਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।ਉਨ੍ਹਾ ਕਿਹਾ ਕਿ ਪੰਜਾਬ ਵਿੱਚ 113 ਥਾਈਂ ਕਿਸਾਨਾਂ ਦਾ ਵਿਰੋਧ ਰਾਜ ਦੇ ਹਿੱਤ ਵਿੱਚ ਨਹੀਂ ਅਤੇ ਆਸ ਹੈ ਕਿ ਕਿਸਾਨ ਆਗੂ ਉਨ੍ਹਾਂ ਦੀ ਬੇਨਤੀ ਮੰਨਲੈਣਗੇ।ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਨੂੰ ਪਹਿਲੇ ਦਿਨ ਤੋਂ ਇਨ੍ਹਾਂ ਕਾਲੇ ਕਾਨੂੰਨਾਂ ਦਾ ਵਿਰੋਧ ਕਰਦੀ ਇਕਲੌਤੀ ਪਾਰਟੀ ਦੱਸ ਕੇਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਆਲ ਪਾਰਟੀ ਮੀਟਿੰਗ ਸੱਦੀ ਤੇ ਕਿਸਾਨ ਆਗੂਆਂ ਨਾਲ ਸਲਾਹ ਕਰਨ ਪਿੱਛੋਂ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨਕਰ ਕੇ ਖੇਤੀ ਕਾਨੂੰਨਾਂ ਵਿਰੁੱਧ ਬਿੱਲ ਪਾਸ ਕੀਤੇ ਸਨ। ਉਨ੍ਹਾਂ ਕਿਹਾ ਕਿ ਸੰਵਿਧਾਨ ਵਿੱਚ 1950 ਤੋਂ ਅੱਜ ਤੱਕ 127 ਵਾਰ ਸੋਧ ਕੀਤੀ ਜਾ ਚੁੱਕੀ ਹੈਤਾਂ ਸਿੰਘੂ ਅਤੇ ਟਿਕਰੀ ਬਾਰਡਰਾਂ ਉੱਤੇ ਬੈਠੇ ਕਿਸਾਨਾਂ ਦੀ ਮਦਦ ਲਈ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਇੱਕ ਸੋਧ ਹੋਰ ਕਿਉਂ ਨਹੀਂ ਕੀਤੀ ਜਾ ਸਕਦੀ?

ਮੁੱਖ ਮੰਤਰੀ ਅਮਰਿੰਦਰ ਸਿੰਘ ਅੱਜ ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਜ਼ਿਲੇ ਵਿੱਚ ਬੁੱਲ੍ਹੋਵਾਲ ਸੇਖੜੀ ਵਿਖੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੇਤੀਬਾੜੀ ਕਾਲਜ ਦਾ ਨੀਂਹ ਪੱਥਰ ਰੱਖਣ ਪਿੱਛੋਂ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ।ਉਨ੍ਹਾ ਕਿਹਾ ਕਿ ਇਸ ਕਾਲਜ ਦਾ ਉਦਘਾਟਨ ਕੰਢੀ ਖੇਤਰ ਵਿੱਚ ਖੇਤੀ ਦੇ ਵਿਕਾਸਦਾਮੀਲ ਪੱਥਰ ਸਾਬਤ ਹੋਵੇਗਾ ਅਤੇ ਇਸ ਖੇਤਰ ਦੀਆਂ ਸਮੱਸਿਆਵਾਂ ਤੇ ਫਸਲਾਂ ਦੇ ਨਾਲ ਖੇਤੀਬਾੜੀ ਖੋਜ ਨੂੰ ਮਜ਼ਬੂਤ ਕਰਨ ਵਿੱਚਮਦਦ ਕਰੇਗਾ।

# ਗੁਰਦਾਸ ਮਾਨ ਵੱਲੋਂ ਨਕੋਦਰ ਕੇਸ ਦੀ ਅਗਾਊਂ ਜ਼ਮਾਨਤ ਲਈ ਹਾਈ ਕੋਰਟ ਤੱਕ ਪਹੁੰਚ

ਚੰਡੀਗੜ੍ਹ, 13 ਸਤੰਬਰ, (ਪੋਸਟ ਬਿਊਰੋ)- ਪੰਜਾਬੀ ਗਾਇਕ ਗੁਰਦਾਸ ਮਾਨ ਦੇ ਖ਼ਿਲਾਫ਼ ਨਕੋਦਰ ਵਿੱਚ ਦਰਜ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਚਾਉਣ ਦੇ ਕੇਸ ਵਿੱਚ ਗ੍ਰਿਫ਼ਤਾਰੀ ਤੋਂ ਬਚਣ ਲਈ ਉਨ੍ਹਾਂ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਅਗਾਊਂ ਜ਼ਮਾਨਤ ਦੀ ਮੰਗ ਕੀਤੀ ਹੈ। ਹਾਈ ਕੋਰਟ ਦੀ ਰਜਿਸਟਰੀ ਵਿੱਚ ਅੱਜ ਸੋਮਵਾਰ ਇਹ ਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ ਉੱਤੇ ਜਲਦੀ ਸੁਣਵਾਈ ਹੋ ਸਕਦੀ ਹੈ। ਇਸ ਤੋਂ ਪਹਿਲਾਂ, ਇਸ ਕੇਸ ਵਿੱਚ ਗੁਰਦਾਸ ਮਾਨ ਨੇ ਜਲੰਧਰ ਦੀ ਜ਼ਿਲ੍ਹਾ ਅਦਾਲਤ ਵਿੱਚ ਅਗਾਊਂ ਜ਼ਮਾਨਤ ਲਈ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ ਅਦਾਲਤ ਨੇ ਅੱਠ ਸਤੰਬਰ ਨੂੰ ਰੱਦ ਕਰ ਦਿੱਤਾ ਸੀ।ਉਸ ਪਿੱਛੋਂ ਗੁਰਦਾਸ ਮਾਨ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਅਗਾਊਂ ਜ਼ਮਾਨਤ ਦੀ ਅਪੀਲ ਕੀਤੀ ਹੈ। ਵਰਨਣ ਯੋਗ ਹੈ ਕਿ ਨਕੋਦਰ ਵਿੱਚ ਡੇਰਾ ਬਾਬਾ ਮੁਰਾਦ ਸ਼ਾਹ ਦੇ ਡੇਰੇ ਉੱਤੇ ਹੋਏ ਮੇਲੇ ਦੌਰਾਨ ਗੁਰਦਾਸ ਮਾਨ ਨੇ ਸ੍ਰੀ ਗੁਰੂ ਅਮਰਦਾਸ ਜੀ ਅਤੇ ਲਾਡੀ ਸਾਈਂ ਨੂੰ ਇਕੋ ਵੰਸ਼ ਦਾ ਹੋਣ ਦੀ ਗੱਲ ਆਖੀ ਸੀ, ਜਿਸ ਨਾਲ ਉਹ ਵਿਵਾਦਾਂ ਵਿੱਚ ਆ ਗਏ ਸਨ ਤੇ ਉਨ੍ਹਾ ਦੇ ਖ਼ਿਲਾਫ਼ ਨਕੋਦਰ ਵਿੱਚ 26 ਅਗਸਤ ਨੂੰ ਧਾਰਮਿਕ ਭਾਵਨਾਵਾਂ ਨੂੰ ਠੇਸ ਲਾਉਣ ਦੀਸ਼ਿਕਾਇਤ ਦਰਜ ਕੀਤੀ ਗਈ ਸੀ। ਇਸ ਤੋਂ ਪਹਿਲਾਂ ਭੜਕੇ ਹੋਏ ਸਿੱਖ ਸੰਗਠਨਾਂ ਨੇ ਗੁਰਦਾਸ ਮਾਨ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਲਈ ਜਲੰਧਰ-ਦਿੱਲੀ ਹਾਈਵੇਅ ਜਾਮ ਕੀਤਾ ਸੀ।ਇਸ ਕੇਸ ਵਿੱਚ ਗੁਰਦਾਸ ਮਾਨ ਮਾਫ਼ੀ ਮੰਗ ਚੁੱਕੇ ਹਨ

## ਕਰਨਾਟਕ ਦੇ ਭਾਜਪਾ ਵਿਧਾਇਕ ਨੇ ਕਿਹਾ: ਕਾਂਗਰਸ ਛੱਡਣ ਲਈ ਮੈਨੂੰ ਪੈਸਿਆਂ ਦੀ ਪੇਸ਼ਕਸ਼ ਹੋਈ, ਪਰ ਮੈਂ ਪੈਸੇ ਨਹੀਂ ਸੀ ਲਏ

ਬੈਂਗਲੂਰੂ, 13 ਸਤੰਬਰ, (ਪੋਸਟ ਬਿਊਰੋ)- ਕਰਨਾਟਕ ਤੋਂ ਭਾਜਪਾ ਦੇ ਵਿਧਾਇਕ ਸ੍ਰੀਮੰਤ ਬਾਲਾਸਾਹਿਬ ਪਾਟਿਲ ਨੇ ਅੱਜ ਇੱਕ ਬਿਆਨਵਿੱਚ ਕਿਹਾ ਹੈ ਕਿ ਕਰਨਾਟਕ ਵਿੱਚ ਕਾਂਗਰਸ-ਜਨਤਾ ਦਲ ਐੱਸ ਦੀ ਸਰਕਾਰ ਡਿੱਗਣ ਤੋਂ ਪਹਿਲਾਂ ਉਸ ਨੂੰ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਲਈ ਪੈਸਿਆਂ ਦੀ ਪੇਸ਼ਕਸ਼ ਕੀਤੀ ਗਈ ਸੀ। ਸ੍ਰੀਮੰਤ ਬਾਲਾਸਾਹਿਬਪਾਟਿਲ ਨੇ ਕਿਹਾ, 'ਮੈਂ ਪੈਸੇ ਲੈਣ ਤੋਂ ਬਿਨਾਂ ਭਾਜਪਾ ਵਿੱਚਆਇਆ ਹਾਂ। ਮੈਨੂੰ ਪਾਰਟੀ ਵਿੱਚ ਸ਼ਾਮਲ ਹੋਣ ਲਈ ਪੈਸਿਆਂ ਦੀ ਪੇਸ਼ਕਸ਼ ਕੀਤੀ ਗਈ ਸੀ, ਮੈਂ ਜਿੰਨਾ ਚਾਹੁੰਦਾ, ਮੰਗ ਸਕਦਾ ਸੀ, ਪਰ ਮੈਂ ਪੈਸੇ ਨਹੀਂ ਮੰਗੇ, ਮੈਂ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਲੋਕਾਂ ਦੀ ਸੇਵਾ ਕਰਨ ਲਈ ਮੰਤਰੀ ਅਹੁਦਾ ਦੇਣ।' ਉਨ੍ਹਾਂ ਕਿਹਾ, 'ਮੈਨੂੰ ਨਹੀਂ ਪਤਾ ਕਿ ਮੈਨੂੰ ਮੰਤਰੀ ਕਿਉਂ ਨਹੀਂਬਣਾਇਆ, ਪਰ ਮੇਰੇ ਨਾਲ ਵਾਅਦਾ ਕੀਤਾ ਗਿਆ ਸੀ ਕਿ ਅਗਲੇ ਵਿਸਥਾਰ ਵਿਚ ਮੰਤਰੀ ਦਾ ਅਹੁਦਾ ਮਿਲੇਗਾ। ਕਰਨਾਟਕ ਦੇ ਮੁੱਖ ਮੰਤਰੀ ਬਸਵਰਾਜ ਬੋਮੱਈ ਨਾਲ ਮੇਰੀ ਗੱਲ ਹੋਈ ਸੀ।' ਵਰਨਣ ਯੋਗ ਹੈ ਕਿ ਕਰਨਾਟਕ ਦੇ ਕਾਗਵਾੜ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਸ੍ਰੀਮੰਤ ਬਾਲਾਸਾਹਿਬ ਪਾਟਿਲ ਨੇ ਕਾਂਗਰਸ ਵੱਲੋਂ ਚੋਣ ਜਿੱਤੀ, ਪਰ ਜੁਲਾਈ 2019 ਵਿੱਚ ਪਾਰਟੀ ਬਦਲ ਲਈ ਸੀ। ਉਹ ਉਨ੍ਹਾਂ 16 ਵਿਧਾਇਕਾਂ ਵਿੱਚੋਂ ਸਨ, ਜਿਹੜੇ ਕਾਂਗਰਸ ਤੇ ਜਨਤਾ ਦਲ ਸੈਕੂਲਰ ਛੱਡ ਕੇ ਭਾਜਪਾ ਵਿੱਚਗਏ ਸਨ, ਜਿਸ ਕਾਰਨ ਓਦੋਂ ਮੁੱਖ ਮੰਤਰੀ ਐਚ ਡੀ ਕੁਮਾਰਸਵਾਮੀ ਦੀ ਅਗਵਾਈ ਹੇਠ ਚੱਲਦੀ ਗੱਠਜੋੜ ਸਰਕਾਰ ਡਿੱਗ ਗਈ ਅਤੇ ਭਾਜਪਾ ਦੀ ਯੇਦੀਯੁਰੱਪਾ ਸਰਕਾਰ ਬਣਨ ਪਿੱਛੋਂ ਉਨ੍ਹਾਂ ਨੂੰ ਮੰਤਰੀ ਬਣਾਇਆ ਗਿਆ ਸੀ, ਪਰ ਬੀਐਸ ਯੇਦੀਯੁਰੱਪਾ ਦੇ ਅਸਤੀਫਾ ਦੇਣ ਪਿੱਛੋਂ ਬਸਵਰਾਜ ਬੋਮੱਈ ਦੇ ਮੁੱਖ ਮੰਤਰੀ ਬਣਨ ਉੱਤੇ ਉਨ੍ਹਾਂ ਨੂੰ ਮੰਤਰੀ ਮੰਡਲ ਤੋਂ ਬਾਹਰ ਕਰ ਦਿੱਤਾ ਗਿਆ ਸੀ।












ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਰੋਕੇ ਜਾਣ ਦੇ ਬਾਵਜੂਦ ਹਸਪਤਾਲ ਦੇ ਬਾਹਰ ਮੁਜ਼ਾਹਰਾਕਾਰੀਆਂ ਨੇ ਕੀਤਾ ਐਂਟੀ ਵੈਕਸੀਨ ਮੁਜ਼ਾਹਰਾ

...ਪੰਨਾ 1 ਦਾ ਬਾਕੀ

ਮੁਜ਼ਾਹਰਾਕਾਰੀਆਂ ਨੇ ਇਸ ਈਵੈਂਟ ਲਈ ਪ੍ਰੋਵਿੰਸ ਪੱਧਰ ਉੱਤੇ ਵੱਖ ਵੱਖ ਥਾਂਵਾਂ ਉੱਤੇ ਐਂਟੀ ਵੈਕਸੀਨੇਸ਼ਨ ਮੁਜ਼ਾਹਰੇ ਕੀਤੇ। ਹਾਲਾਂਕਿ ਇਹ ਮੁਜ਼ਾਹਰੇ ਬਹੁਤ ਹੀ ਸ਼ਾਂਤਮਈ ਢੰਗ ਨਾਲ ਤੇ ਚੁੱਪ ਚੁਪੀਤਿਆਂ ਕੀਤੇ ਗਏ ਪਰ ਕੁੱਝ ਫਰੰਟਲਾਈਨ ਵਰਕਰਜ਼ ਨੇ ਫਰੀਡਮ ਵਰਗੇ ਨਾਅਰੇ ਵੀ ਲਾਏ। ਟੋਰਾਂਟੋ ਜਨਰਲ ਹਸਪਤਾਲ ਦੇ ਬਾਹਰ ਰੈਲੀਆਂ ਵੀ ਕੀਤੀਆਂ ਗਈਆਂ। ਇੱਕ ਸਟਾਫ ਵਰਕਰ ਨੇ ਇਨ੍ਹਾਂ ਰੈਲੀਆਂ ਦਾ ਵਿਰੋਧ ਕਰਨ ਲਈ ਹਸਪਤਾਲ ਦੇ ਸਾਹਮਣੇ ਵਾਲੇ ਲਾਅਨ ਉੱਤੇ ਖੜ੍ਹੇ ਹੋ ਕੇ ਆਖਿਆ ਕਿ ਇਸ ਤਰ੍ਹਾਂ ਦੇ ਈਵੈਂਟ ਹਸਪਤਾਲ ਵਿੱਚ ਨਹੀਂ ਹੋਣੇ ਚਾਹੀਦੇ। ਇਸ ਦੌਰਾਨ ਟੋਰਾਂਟੋ ਪੁਲਿਸ ਨੇ ਆਖਿਆ ਕਿ ਕਿਸੇ ਨੂੰ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ ਤੇ ਰੈਲੀਆਂ ਦੇ ਸਬੰਧ ਵਿੱਚ ਕਿਸੇ ਤਰ੍ਹਾਂ ਦੇ ਚਾਰਜਿਜ਼ ਵੀ ਨਹੀਂ ਲਾਏ ਗਏ। ਲਿਬਰਲ ਆਗੂ ਜਸਟਿਨ ਟਰੂਡੋ ਨੇ ਆਖਿਆ ਕਿ ਜੇ ਉਹ ਮੁੜ ਚੁਣੇ ਜਾਂਦੇ ਹਨ ਤਾਂ ਹੈਲਥ ਕੇਅਰ ਫੈਸਿਲਿਟੀ ਤੱਕ ਪਹੁੰਚ ਵਿੱਚ ਅੜਿੱਕਾ ਡਾਹੁਣ ਨੂੰ ਜੁਰਮ ਕਰਾਰ ਦਿੱਤਾ ਜਾਵੇਗਾ। ਟਰੂਡੋ ਨੇ ਇਹ ਵੀ ਆਖਿਆ ਕਿ ਕੋਵਿਡ-19 ਖਿਲਾਫ ਵੈਕਸੀਨਜ਼ ਹੀ ਸਾਡਾ ਸੱਭ ਤੋਂ ਵਧੀਆ ਬਚਾਅ ਹਨ।

ਮੇਅਰ ਜੌਹਨ ਟੋਰੀ ਨੇ ਆਖਿਆ ਕਿ ਵੈਕਸੀਨੇਸ਼ਨ ਦੇ ਅੰਕੜੇ ਵੀ ਕਮਾਲ ਦੇ ਹਨ। ਹੁਣ ਤੱਕ 97 ਫੀ ਸਦੀ ਲੋਕ ਜਾਂ ਤਾਂ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਹਨ ਤੇ ਜਾਂ ਫਿਰ ਅੰਸਕ ਤੌਰ ਉੱਤੇ ਵੈਕਸੀਨੇਸ਼ਨ ਕਰਵਾ ਚੁੱਕੇ ਹਨ।

## ਐਨਡੀਪੀ ਦੇ ਸਮਰਥਕਾਂ ਦਾ ਲਿਬਰਲਾਂ ਵੱਲ ਹੋ ਰਿਹਾ ਹੈ ਝੁਕਾਅ : ਨੈਨੋਜ਼

...ਪੰਨਾ 1 ਦਾ ਬਾਕੀ

ਨੈਨੋਜ਼ ਰਿਸਰਚ ਅਨੁਸਾਰ ਇਹ ਸਾਹ-ਮਣੇ ਆਇਆ ਹੈ ਕਿ ਜਗਮੀਤ ਸਿੰਘ ਨੂੰ ਪਸੰਦੀਦਾ ਪ੍ਰਧਾਨ ਮੰਤਰੀ ਵੱਜੋਂ ਮਿਲ ਰਿਹਾ ਸਮਰਥਨ ਪਿਛਲੇ ਚਾਰ ਦਿਨਾਂ ਤੋਂ ਕਾਫੀ ਘੱਟ ਗਿਆ ਹੈ। ਸੋਮਵਾਰ ਨੂੰ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ ਜਗਮੀਤ ਸਿੰਘ ਨੂੰ ਇਸ ਸਮੇਂ 16.3 ਫੀ ਸਦੀ ਲਕਾਂ ਤੋਂ ਸਮਰਥਨ ਹਾਸਲ ਹੋ ਰਿਹਾ ਹੈ ਜਦਕਿ ਅਜੇ ਪਿਛਲੇ ਹਫਤੇ ਵੀਰਵਾਰ ਨੂੰ ਉਨ੍ਹਾਂ ਨੂੰ 21.2 ਫੀ ਸਦੀ ਲੋਕਾਂ ਤੋਂ ਸਮਰਥਨ ਹਾਸਲ ਹੋ ਰਿਹਾ ਸੀ।

ਨੈਨੋਜ਼ ਨੇ ਆਖਿਆ ਕਿ ਹਾਲ ਦੀ ਘੜੀ ਇਹ ਆਖਣਾ ਕਾਫੀ ਜਲਦਬਾਜ਼ੀ ਹੋਵੇਗੀ ਕਿ ਜਗਮੀਤ ਸਿੰਘ ਨੂੰ ਮਿਲ ਰਹੇ ਇਸ ਸਮਰਥਨ ਨਾਲ ਫਾਈਨਲ ਨਤੀਜਿਆਂ ਉੱਤੇ ਕਿਹੋ ਜਿਹਾ ਅਸਰ ਪਵੇਗਾ? ਪਰ ਉਨ੍ਹਾਂ ਇਹ ਵੀ ਆਖਿਆ ਕਿ ਇਸ ਤਰ੍ਹਾਂ ਦੇ ਨਤੀਜਿਆਂ ਨਾਲ ਅਕਸਰ ਪਾਰਟੀ ਦੇ ਸਮੁੱਚੇ ਸਮਰਥਨ ਦੀ ਹੀ ਝਲਕ ਮਿਲਦੀ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਫਰਜ਼ ਕਰ ਲਓ ਇੱਕ ਦਿਨ ਜਿਹੜੇ ਲੋਕ ਐਨਡੀਪੀ ਦਾ ਸਮਰਥਨ ਕਰ ਰਹੇ ਹਨ ਉਹ ਅਗਲੇ ਦਿਨ ਕਿਸੇ ਹਰ ਪਾਰਟੀ ਦਾ ਸਮਰਥਨ ਕਰਨ ਲੱਗ ਜਾਣਗੇ।

ਇਸ ਲਈ ਆਪਣੀ ਘੱਟ ਰਹੀ ਹਰਮ-ਨਪਿਆਰਤਾ ਲਈ ਜਗਮੀਤ ਸਿੰਘ ਨੂੰ ਥੋੜ੍ਹਾ ਚਿੰਤਤ ਵੀ ਹੋਣਾ ਚਾਹੀਦਾ ਹੈ। ਹੋ ਸਕਦਾ ਹੈ ਕਿ ਇਸ ਹਫਤੇ ਦੇ ਅੰਤ ਤੱਕ ਉਨ੍ਹਾਂ ਦਾ ਸਮਰਥਨ ਹੋਰ ਘੱਟ ਜਾਵੇ।

# ਹਸਪਤਾਲ ਦੇ ਕੰਮਕਾਜ ਵਿੱਚ ਅੜਿੱਕਾ ਪਾਉਣ ਵਾਲਿਆਂ ਨੂੰ ਟੋਰਾਂਟੋ ਪੁਲਿਸ ਕਰੇਗੀ ਗ੍ਰਿਫਤਾਰ

ਟੋਰਾਂਟੋ,13 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਟੋਰਾਂਟੋ ਦੇ ਜਨਰਲ ਹਸਪਤਾਲ ਦੇ ਬਾਹਰ ਕੀਤੀ ਜਾਣ ਵਾਲੀ ਕਿਸੇ ਵੀ ਤਰ੍ਹਾਂ ਦੀ ਰੈਲੀ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਤਾੜਨਾ ਕੀਤੀ ਹੈ ਕਿ ਜੇ ਉਹ ਆਪਣੇ ਇਰਾਦਿਆਂ ਤੋਂ ਬਾਜ ਨਾ ਆਏ ਤੇ ਜੇ ਕਿਸੇ ਨੇ ਹਸਪਤਾਲ ਤੱਕ ਪਹੁੰਚਣ ਵਾਲੀ ਐਂਬੂਲੈਂਸ ਦਾ ਰਾਹ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

ਐਤਵਾਰ ਸ਼ਾਮ ਨੂੰ ਟੋਰੀ ਨੇ ਆਖਿਆ ਕਿ ਰੋਸ ਮੁਜ਼ਾਹਰਾ ਕਰਨਾ ਸਾਡਾ ਸਾਰਿਆਂ ਦਾ ਹੱਕ ਹੈ ਪਰ ਉਸ ਅਧਿਕਾਰ ਨੂੰ ਹਸਪਤਾਲ ਦੇ ਬਾਹਰ ਲੋਕਾਂ ਨੂੰ ਪਰੇਸ਼ਾਨ ਕਰਨ ਲਈ ਵਰਤਿਆ ਜਾਵੇ ਜਾਂ ਮਹਾਂਮਾਰੀ ਦੌਰਾਨ ਵੈਕਸੀਨਜ਼ ਬਾਰੇ ਗਲਤ ਜਾਣਕਾਰੀ ਫੈਲਾਉਣ ਲਈ ਵਰਤਿਆ ਜਾਵੇ ਇਸ ਤਰ੍ਹਾਂ ਦੀ ਹਰਕਤ ਨੂੰ ਬਰਦਾਸ਼ਤ ਨਹੀ ਕੀਤਾ ਜਾਵੇਗਾ।

ਸਾਡੇ ਫਰੰਟਲਾਈਨ ਵਰਕਰਜ਼, ਹੈਲਥਕੇਅਰ ਹੀਰੋਜ਼ ਤੇ ਇਲਾਜ ਲਈ ਹਸਪਤਾਲ ਆਉਣ ਵਾਲਿਆਂ ਨੂੰ ਸਹੂਲਤਾਂ ਨਾ ਲੈਣ ਦਿੱਤਾ ਜਾਵੇ ਇਹ ਗਲਤ ਹੋਵੇਗਾ। ਟੋਰਾਂਟੋ ਪੁਲਿਸ ਨੇ ਸੋਸ਼ਲ ਮੀਡੀਆ ਉੱਤੇ ਸਾਂਝੀ ਕੀਤੀ ਟਵੀਟ ਵਿੱਚ ਆਖਿਆ ਕਿ ਉਹ ਸ਼ਾਂਤਮਈ ਢੰਗ ਨਾਂਲ ਮੁਜ਼ਾਹਰਾ ਕਰਨ ਦੀ ਸਾਰਿਆਂ ਦੇ ਜਜ਼ਬੇ ਦੀ ਕਦਰ ਕਰਦੇ ਹਨ ਪਰ ਹਸਪਤਾਲ ਦੇ ਕੰਮਕਾਜ ਵਿੱਚ ਵਿਘਣ ਪਾਉਣਾ ਤੇ ਪਬਲਿਕ ਸੇਫਟੀ ਨੂੰ ਖਤਰੇ ਵਿੱਚ ਪਾਉਣਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।




ਇਹ ਵੀ ਆਖਿਆ ਗਿਆ ਕਿ ਆਫੀਸਰਜ਼ ਮੌਕੇ ਉੱਤੇ ਹਾਜ਼ਰ ਹੋਣਗੇ ਤੇ ਹਾਲਾਤ ਉੱਤੇ ਨਜ਼ਰ ਰੱਖਣਗੇ ਤੇ ਗੜਬੜੀ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਉਨ੍ਹਾਂ ਖਿਲਾਫ ਚਾਰਜਿਜ਼ ਲਾਏ ਜਾਣਗੇ।

# ਕੈਨੇਡਾ ਭਰ ਵਿੱਚ 15000 ਮੁਲਾਜ਼ਮ ਭਰਤੀ ਕਰੇਗੀ ਐਮੇਜ਼ੌਨ

ਕੈਲਗਰੀ, 13 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਕਾਰਨ ਬੜੇ ਹੀ ਨਾਟਕੀ ਢੰਗ ਨਾਲ ਲੇਬਰ ਮਾਰਕਿਟ ਉੱਤੇ ਪਏ ਅਸਰ ਤੋਂ ਬਾਅਦ ਐਮੇਜ਼ੌਨ ਕੈਨੇਡਾ ਵੱਲੋਂ ਵੇਜਿਜ਼ ਵਿੱਚ ਵਾਧਾ ਕੀਤੇ ਜਾਣ ਤੇ ਕੈਨੇਡਾ ਭਰ ਵਿੱਚ 15000 ਨਵੇਂ ਇੰਪਲੌਈਜ਼ ਭਰਤੀ ਕਰਨ ਦੀ ਖਬਰ ਨਾਲ ਥੋੜ੍ਹਾ ਸੁਖ ਦਾ ਸਾਹ ਆਇਆ ਹੈ।




ਐਮੇਜ਼ੌਨ ਨੇ ਸੋਮਵਾਰ ਨੂੰ ਆਖਿਆ ਕਿ ਉਹ ਕੈਨੇਡੀਅਨ ਸਰਕਾਰ ਦੇ ਪਸਾਰ ਸਬੰਧੀ ਯੋਜਨਾਵਾਂ ਵਿੱਚ ਵਾਧਾ ਕਰਦਿਆਂ ਹੋਇਆਂ ਦੇਸ਼ ਭਰ ਵਿੱਚ 15000 ਨਵੇਂ ਵੇਅਰਹਾਊਸ ਤੇ ਡਿਸਟ੍ਰੀਬਿਊਸ਼ਨ ਵਰਕਰਜ਼ ਭਰਤੀ ਕਰੇਗੀ। ਕੰਪਨੀ ਵੱਲੋਂ ਇਹ ਵੀ ਆਖਿਆ ਗਿਆ ਕਿ ਉਹ ਕੈਨੇਡਾ ਵਿੱਚ ਆਪਣੇ ਫਰੰਟ ਲਾਈਨ ਵਰਕਰਜ਼ ਲਈ ਘੰਟੇ ਦੇ 17 ਡਾਲਰ ਤੋਂ 21·65 ਡਾਲਰ ਤੱਕ ਕਰੇਗੀ। ਵੈਸੇ ਇਸ ਸਮੇਂ ਐਮੇਜ਼ੌਨ ਆਪਣੇ ਮੁਲਾਜ਼ਮਾਂ ਨੂੰ ਘੰਟੇ ਦੇ 16 ਡਾਲਰ ਤੱਕ ਦਾ ਸਟਾਰਟਿੰਗ ਵੇਜ ਦੇ ਰਹੀ ਹੈ।

ਕੰਪਨੀ ਨੇ ਇਹ ਵੀ ਆਖਿਆ ਕਿ ਕੋਈ ਵੀ ਮੁਲਾਜ਼ਮ ਕਿੰਨੇ ਸਮੇਂ ਤੋਂ ਵੀ ਉਨ੍ਹਾਂ ਦੇ ਨਾਲ ਹੈ, ਮੌਜੂਦਾ ਸਾਰੇ ਇੰਪਲੌਈਜ਼ ਨੂੰ ਤੁਰੰਤ ਭਾਵ ਤੋਂ ਸ਼ੁਰੂ ਕਰਦਿਆਂ ਵੀ ਪ੍ਰਤੀ ਘੰਟਾ 1·60 ਡਾਲਰ ਤੋਂ 2·20 ਡਾਲਰ ਵਾਧੂ ਦਿੱਤੇ ਜਾਣਗੇ। ਇੱਕ ਇੰਟਰਵਿਊ ਵਿੱਚ ਐਮੇਜ਼ੌਨ ਕੈਨੇਡਾ ਦੀ ਕੈਨੇਡੀਅਨ ਕਸਟਮਰ ਫੁੱਲਫਿਲਮੈਂਟ ਆਪਰੇਸ਼ਨਜ਼ ਡਾਇਰੈਕਟਰ ਸੁਮੇਘਾ ਕੁਮਾਰ ਨੇ ਆਖਿਆ ਕਿ ਦੇਸ਼ ਵਿੱਚ ਅਸੀਂ ਤੇਜ਼ੀ ਨਾਲ ਵਿਕਾਸ ਕਰ ਰਹੇ ਹਾਂ। ਸਾਡੇ ਬਿਜ਼ਨਸ ਦਾ ਪਸਾਰ ਹੋ ਰਿਹਾ ਹੈ ਤੇ ਅਸੀਂ ਆਪਣੇ ਕਸਟਮਰਜ਼ ਉੱਤੇ ਧਿਆਨ ਕੇਂਦਰਿਤ ਕਰਨਾ ਚਾਹੁੰਦੇ ਹਾਂ।

ਇਸ ਸਮੇਂ ਐਮੇਜ਼ੌਨ ਦੇ ਪੰਜ ਪ੍ਰੋਵਿੰਸਾਂ ਵਿੱਚ 25 ਕਮਿਊਨਿਟੀਜ਼ ਵਿੱਚ 25,000 ਫੁੱਲ ਟਾਈਮ ਤੇ ਪਾਰਟ ਟਾਈਮ ਇੰਪਲੌਈਜ਼ ਹਨ। ਮਹਾਂਮਾਰੀ ਕਾਰਨ ਆਨਲਾਈਨ ਸ਼ਾਪਿੰਗ ਵਿੱਚ ਵਾਧਾ ਹੋਣ ਕਾਰਨ ਕੰਪਨੀ ਨੂੰ ਫਾਇਦਾ ਹੋ ਰਿਹਾ ਹੈ। ਇਸ ਸਮੇਂ ਐਮੇਜ਼ੌਨ ਦੇ ਕੈਨੇਡਾ ਵਿੱਚ 46 ਵੇਅਰਹਾਊਸ, ਲਾਜਿਸਟਿਕਸ ਤੇ ਡਲਿਵਰੀ ਫੈਸਿਲਿਟੀਜ਼ ਹਨ।

**ਲੇਡੀ ਵਰਕਰ ਦੀ ਲੋੜ**

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

**ਹੈਂਡੀਮੈਨ ਦੀ ਲੋੜ**

ਪਲੰਬਿੰਗ, ਇਲੈਕਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

**ਸੰਪਰਕ: 416-816-1695**

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

**ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ**

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।

ਸੰਪਰਕ: ਅਜੈਬ ਸਹੋਤਾ

**4165618882, 4164544587**

**A-One Drivers TRAINING SCHOOL**

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ




ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

**ਜ਼ਰੂਰ ਜਾਣੋ; ਗਿਆਨ ਗੰਗਾ**

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM


Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

**Dr. Randhawa Dentistry**



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




**BEST CANADIAN TRUCK & FORKLIFT TRAINING CENTRE**

Registered as a Private Career College Under the Private Career College Act. 2005

BEST CANADIAN TRUCK & FORKLIFT TRAINING CENTRE







- AZ Tractor trailer program
- Manual transmission & backup training everyday
- We welcome welfare workers & compensation clients


Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8



ਅਜੀਤ ਸਿੰਘ ਰੱਖੜਾ
905 794 7882

# ਕਿਹੜੀ ਪਾਰਟੀ ਜਿਤਾਈ ਜਾਵੇ !!!

ਟਰੂਡੋ ਦੀ ਸਰਕਾਰ ਮਿਡਟਰਮ ਪੋਲ ਕਰਵਾ ਰਹੀ ਹੈ। ਇਹ ਬੜੀ ਸੋਚੀ ਸਮਝੀ ਨੀਤੀ ਤਹਿਤ ਹੋ ਰਿਹਾ ਹੈ। ਜਦਕਿ ਸਭ ਵਿਰੋਧੀ ਪਾਰਟੀਆਂ ਇਸ ਦੇ ਹਕ ਵਿਚ ਨਹੀਂ ਸਨ ਕਿ ਸਨੈਪ ਪੋਲ ਕਰਵਾਈ ਜਾਵੇ। ਮੁਲਕ ਨੂੰ ਅਲੈਕਸ਼ਨਾ ਉਪਰ ਅਜਾਈ ਇਕ ਵਡਾ ਖਰਚਾ ਕਰਨਾ ਪਵੇਗਾ। ਕੋਵਿਡ ਮਹਾਮਾਰੀ ਕਾਰਣ ਇਹ ਕੁਝ ਕਰਨਾ ਬਹੁਤਾ ਜਾਇਜ਼ ਨਹੀਂ ਲਗਦਾ। ਵਿਰੋਧੀ ਪਾਰਟੀਆ ਵਾਲੇ ਇਸ ਲਈ ਵੀ ਝਿਜਕਦੇ ਸਨ ਕਿ ਮਤਾਂ ਨਵੀਆਂ ਅਲੈਕਸ਼ਨਾਂ ਵਿਚ ਆਪਣੀਆ ਸੀਟਾ ਹੀ ਗੁਆ ਬੈਠੀਏ। ਇਹ ਵਿਚਾਰ ਇਕ ਸਧਾਰਣ ਮਾਨਸਿਕਤਾ ਵਾਲੇ ਬੰਦੇ ਨੂੰ ਬੜੇ ਸਹੀ ਲਗਦੇ ਹਨ। ਅਸਲੀਅਤ ਵਿਚ ਕੀ ਕਾਰਣ ਹਨ। ਆਓ ਵਿਚਾਰ ਕਰੀਏ ਅਤੇ ਟਰੂਡੋ ਸਾਹਿਬ ਦੀਆ ਪ੍ਰਾਪਤੀਆਂ ਉਪਰ ਨਜ਼ਰ ਮਾਰੀਏ।

1- ਪ੍ਰਾਈਮ ਮਨਿਸਟਰ ਟਰੂਡੋ ਦੂਸਰੀ ਟਰਮ ਵਿਚੀ ਗੁਜ਼ਰ ਰਹੇ ਹਨ। ਦੂਸਰੀ ਟਰਮ ਵੇਲੇ ਬਾਵਜੂਦ ਖਿਚੜੀ ਸਰਕਾਰ ਨਾ ਬਣਾਉਣ ਦੇ ਉਨ੍ਹਾ ਨੇ ਬੜੀ ਕਾਮਯਾਬੀ ਨਾਲ ਮਾਈਨਾਰਟੀ ਵਿਚ ਰਹਿੰਦਿਆ ਵਿਰੋਧੀ ਪਾਰਟੀਆ ਨਾਲ ਗਠ ਜੋੜ ਨਿਭਾਇਆ ਹੈ। ਇਕ ਵੀ ਬੰਦਾ ਦੂਸਰੀਆਂ ਪਾਰਟੀਆ ਵਿਚੋਂ ਆਪਣੀ ਕੈਬਨਿਟ ਵਿਚ ਨਹੀਂ ਲਿਆ।ਇਕ ਵਾਰ ਨੋ ਕੁਨਫੀਡੈਂਸ ਦੀ ਵੀ ਗਲ ਚਲੀ ਸੀ ਪਰ ਉਹ ਹਰ ਔਕੜ ਨੂੰ ਬੜੀ ਸੰਜੀਦਗੀ ਨਾਲ ਸੰਭਾਲਦੇ ਰਹੇ। ਇਹ ਕੋਈ ਨਿਕੀ ਪ੍ਰਾਪਤੀ ਨਹੀਂ ਸਗੋਂ ਬਹੁਤ ਘਾਗ ਸਿਆਸਤ ਦਾ ਪ੍ਰਤੀਕ ਹੈ। ਵਿਰੋਧੀਆਂ ਨੇ ਅਨੇਕਾ ਦੋਸ਼ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਦੇ ਆਪਣੇ ਕੈਬਨਿਟ ਮੈਂਬਰਾਂ ਨੂੰ ਦਬਾਕੇ ਰੱਖਣ ਦਾ ਮਾਮਲਾ ਕਦੇ ਚੈਰਟੀ ਏਜੈਸੀ ਤੋਂ ਵਡੀ ਰਕਮ ਵਸੂਲਣ ਦਾ ਅਤੇ ਕਦੇ ਸਰਕਾਰੀ ਐਥਿਕਸ ਨਾ ਪਾਲਣ ਦਾ ਇਲਜ਼ਾਮ। ਟਰੂਡੋ ਸਾਹਿਬ ਹਰ ਮਰਹੱਲੇ ਸਾਫ ਨਿਕਲਦੇ ਰਹੇ ਹਨ। ਮੁਆਫੀ ਮੰਗ ਲੈਣਾ ਸਭ ਤੋਂ ਵਧੀਆ ਹਥਿਆਰ ਹੁੰਦਾ ਹੈ। ਇਕ ਦਾਨਿਸ਼ਵਰ ਬੰਦਾ ਮੁਆਫੀ ਮੰਗ ਲਵੇ ਤਾਂ ਉਸਦੀ ਇਜ਼ਤ ਹੋਰ ਵਧ ਜਾਦੀ ਹੈ।

2- ਗਵਾਂਢੀ ਦੇਸ਼ ਅਮਰੀਕਾ ਨਾਲ ਉਸ ਸਮੇ ਵੀ ਕੁਸ਼ਲਤਾ ਸਹਿਤ ਠੀਕ ਵਾਤਾਵਰਣ ਬਣਾਈ ਰਖਿਆ ਜਦ ਟਰੰਪ ਵਰਗਾ ਆਪਹੁਦਰਾ ਪ੍ਰਧਾਨ ਸੀ ਅਤੇ ਪੂਰਾ ਪੰਗੇਬਾਜ ਸੀ। ਉਸ ਨਾਲ ਇਕ ਦੋ ਵਾਰ ਇੰਪੋਰਟ ਅਤੇ ਐਕਸਪੋਰਟ ਉਪਰ ਝਗੜੇ ਹੋਏ ਪਰ ਟਰੂਡੋ ਸਾਹਿਬ ਨੇ ਨਾ ਕੋਈ ਨੁਕਸਾਨ ਦੇਹ ਫੈਸਲਾ ਕੀਤਾ ਅਤੇ ਨਾ ਹੋਣ ਦਿਤਾ। ਹੁਣ ਡੈਮੋਕਰੈਟ ਦੇ ਪ੍ਰਧਾਨ ਜੋਅ ਬਾਇਡਨ ਨਾਲ ਵੀ ਕੋਈ ਪੰਗਾ ਨਹੀਂ ਚਲ ਰਿਹਾ। ਇਹ ਚੰਗੀ ਵਿਦੇਸ਼ ਨੀਤੀ ਦੀ ਇਕ ਮਿਸਾਲ ਹੈ। ਟਰੂਡੋ ਸਾਹਿਬ ਦੇ ਕਾਲ ਵਿਚ ਕਨੇਡਾ ਦੁਨੀਆ ਦੇ ਵਧੀਆ ਦੇਸਾਂ ਵਿਚੋਂ ਅਬਲ ਦੇਸ਼ ਗਿਣਿਆ ਗਿਆ ਹੈ।

3- ਕੋਵਿਡ ਮਹਾਮਾਰੀ ਦੇ ਮਸਲੇ ਨੂੰ ਜਿਸ ਕਦਰ ਟਰੂਡੋ ਸਾਹਿਬ ਨੇ ਨਜਿਠਿਆ ਹੈ ਇਹ ਆਪਣੇ ਆਪ ਵਿਚ ਬਹੁਤ ਵਡੀ ਕਾਮਯਾਬੀ ਹੈ। ਬੜੀ ਵਾਰ ਵਿਰੋਧੀ ਪਾਰਟੀਆ ਨੇ ਇਸ ਮਾਮਲੇ ਟਰੂਡੋ ਨੂੰ ਕਮਯੋਰ ਪ੍ਰਧਾਨਮੰਤਰੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਅਖੇ ਵੈਕਸੀਨ ਡੋਜ਼ਾ ਲੇਟ ਕਿਓ ਹੋ ਰਹੀਆ ਹਨ। ਇਸ ਮਸਲੇ ਨੂੰ ਕੋਈ ਤੂਲ ਨਹੀਂ ਮਿਲੀ। ਇਸ ਸਮੇ ਸਰਕਾਰ ਨੇ ਆਪਣਾ ਮੁਲਕ ਤਕਰੀਬਨ ਸੇਫ ਕਰ ਲਿਆ ਹੈ। ਬਹੁਤੇ ਮੁਲਕਾ ਤੋਂ ਫਲਾਈਟਸ ਚਾਲੂ ਹੋ ਗਈਆ ਹਨ। ਕਾਰੋਬਾਰ ਖੁਲ ਗਏ ਹਨ। ਪ੍ਰਮਾਤਮਾ ਕਰੇ ਸਭ ਕੁਝ ਨਾਰਮਲ ਵਾਂਗ ਹੋ ਜਾਵੇ।

4- ਕਰੋਨਾ ਕਾਲ ਸਮੇ ਜਿਸ ਫਰਾਖ ਦਿਲੀ ਨਾਲ ਉਨ੍ਹਾ ਛੋਟੇ ਅਤੇ ਵਡੇ ਕਾਰੋਬਾਰਾ ਨੂੰ ਤਬਾਹ ਹੋਣ ਤੋਂ ਬਚਾਇਆ ਹੈ ਇਹ ਕੋਈ ਨਿਕੀ ਗਲ ਨਹੀਂ। ਇੰਟਰਨੈਸ਼ਨਲ ਵਿਦਿਆਰਥੀ ਜੋ ਮੁਲਕ ਦੇ ਕੁਝ ਵੀ ਨਹੀਂ ਸੀ ਲਗਦੇ



ਉਨ੍ਹਾ ਨੂੰਵੀ ਆਪਣੇ ਸ਼ਹਿਰੀਆ ਦੀ ਤਰ੍ਹਾ ਮਾਇਕ ਸਹਾਇਤਾ ਨਾਲ ਨਿਵਾਜਿਆ ਹੈ। ਸੀਨੀਅਰਜ਼ ਨੂੰ ਬਿਨ ਮੰਗਿਆ ਮਾਇਕ ਸਹਾਇਤਾ ਦਿਤੀ ਹੈ। ਕਈ ਪੁਠੀ ਮਤ ਵਾਲੇ ਲੋਕਾਂ ਨੂੰ ਇਹ ਗਲ ਰੜਕਦੀ ਵੀ ਰਹੀ ਹੈ ਕਿ ਐਨੀ ਖੁਲਦਿਲੀ ਵੀ ਜਾਇਜ਼ ਨਹੀਂ।

5- ਜਿਸ ਗਲ ਦੀ ਚਰਚਾ ਹਾਲਾ ਵੀ ਇਕ ਮੁਦਾ ਹੈ ਕਿ ਲਿਬਰਲਾ ਨੇ ਸੀਰੀਅਨ ਰਫਿਊਜੀ ਲੋਗਾ ਲਈ ਬਾਰਡਰ ਖੋਲ੍ਹ ਰਖਿਆ ਹੈ ਅਤੇ ਉਨ੍ਹਾ ਨੂੰ ਮੋਟੀਆ ਪੈਨਸ਼ਨਾ ਦਿਤੀਆ ਜਾ ਰਹੀਆ ਹਨ ਜਦਕਿ ਉਹ ਕਰਦੇ ਕੁਝ ਨਹੀਂ। ਇਸ ਨੀਤੀ ਨਾਲ ਟੈਕਸ ਦਾਤਾਵਾ ਦੇ ਪੈਸੇ ਨੂੰ ਖੁਆਰ ਕੀਤਾ ਜਾ ਰਿਹਾ ਹੈ। ਇਹ ਲੋਕ ਆਪਣੇ ਨਾਲ ਕਰਾਈਮ ਨੂੰ ਵੀ ਦਰਾਮਦ ਕਰ ਰਹੇ ਹਨ। ਇਹ ਮਾਮਲਾ ਵੀ ਵਿਰੋਧੀਆ ਵਲੋਂ ਬਹੁਤਾ ਨਹੀਂ ਚੁਕਿਆ ਜਾ ਸਕਿਆ। ਕਿਓਂ ਕਿ ਸਭ ਕੁਝ ਦੇਸ਼ ਦੇਕਨੂੰਨ ਅਨੁਸਾਰ ਹੀ ਕੀਤਾ ਗਿਆ ਹੈ। ਜੇ ਭਾਰਤ ਵਰਗੇ ਗ੍ਰੀਬ ਮੁਲਕ ਲੱਖਾ ਬੰਗਲਾ ਦੇਸ਼ੀਆਂ ਨੂੰ ਪਨਾਹ ਦੇ ਸਕਦੇ ਹਨ ਤਾਂ ਕਨੇਡਾ ਵਰਗੇ ਅਮੀਰ ਮੁਲਕ ਕਿਓ ਨਹੀਂ। ਰਫਿਊਜੀ ਲੈਣੇ ਕਿਸੇ ਵੀ ਮੁਲਕ ਦੇ ਵਕਾਰ ਅਤੇ ਇਜ਼ਤ ਦਾ ਪ੍ਰਤੀਕ ਹੁੰਦਾ ਹੈ। ਕਨੇਡਾ ਦਾ ਰਕਬਾ ਐਡਾ ਵਡਾ ਹੈ ਕਿ ਅਜ ਦੀ ਅਬਾਦੀ ਦਾ 10 ਗੁਣਾ ਹੋਰ ਪਾਪੂਲੇਸ਼ਨ ਵੀ ਵਧ ਜਾਵੇ ਤਾਂ ਜ਼ਮੀਨ ਦੀ ਘਾਟ ਨਹੀਂ ਬਣੇਗੀ।ਕਨੇਡਾ ਤਾਂ ਹੈ ਹੀ ਇਮੀਗਰੈਂਟਸਦਾ ਮੁਲਕ। ਕਿਸੇ ਵੀ ਬਹਾਨੇ ਲੋਕ ਆਏ ਹੋਣ, ਉਹ ਮੁਲਕ ਦੀ ਆਮਦਨ ਵਿਚ ਹਿਸਾ ਹੀ ਪਉਣਗੇ। ਜੋ ਪੈਨਸ਼ਿਨ ਦਿਤੀ ਜਾਂਦੀ ਹੈ ਉਹ ਕੇਵਲ ਕੁਝ ਸਮੇ ਲਈ ਹੁੰਦੀ ਹੈ ਨਾਕਿ ਦੂਸਰੀਆ ਪੈਨਸ਼ਨਾ ਦੀ ਤਰ੍ਹਾ ਉਮਰ ਭਰ ਲਈ ਹੁੰਦੀ ਹੈ।

ਚੋਣਾ ਦੌਰਾਨ ਇਕ ਨਵਾਂ ਮਸਲਾ ਉਭਰਿਆ ਹੈ। ਕੁਝ ਸਿਰ ਫਿਰੇ ਗ੍ਰੁਪ ਟਰੂਡੋ ਸਾਹਿਬ ਦੇ ਭਾਸ਼ਨਾ ਨੂੰ ਭੰਗ ਕਰਨ ਲਈ ਅਪਰਾਧਿਕ ਹਮਲੇ ਕਰ ਰਹੇ ਹਨ। ਦਸਿਆ ਜਾਂਦਾ ਹੈ ਕਿ ਇਹ ਉਹ ਲੋਕ ਹਨ ਜੋ ਕੋਵਿਡ ਤੋਂ ਬਚਣ ਦੇ ਤਰੀਕਆ ਦੇ ਵਿਰੋਧੀ ਹਨ। ਅਖੇ ਟੀਕੇ ਨਹੀਂ ਲਗਣੇ ਚਾਹੀਦੇ, ਮਾਸਕਾ ਜਰੂਰੀ ਨਹੀਂ ਹੋਣੀਆ ਚਾਹੀਦੀਆ। ਇਹ ਗਲ ਤਾਂ ਸੁਣਨ ਨੂੰ ਹੀ ਭੈੜੀ ਲਗਦੀ ਹੈ। ਇਹ ਵੀ ਕੋਈ ਵਿਰੋਧ ਕਰਨ ਵਾਲਾ ਮਸਲਾ ਹੈ? ਜੋ ਉਪਾ ਦੁਨੀਆ ਭਰ ਵਿਚ ਵਰਤੇ ਜਾ ਰਹੇ ਹਨ, ਉਨ੍ਹਾ ਦਾ ਵਿਰੋਧ ਕਰਨਾ ਤਾਂ ਉਲਟੀ ਖੋਪੜੀ ਵਾਲਿਆ ਦਾ ਹੀ ਕੰਮ ਹੋ ਸਕਦੇ।

ਫੈਡਰਲ ਚੋਣਾ ਸਮੇ ਇਹ ਵੇਖਣਾ ਬਹੁਤ ਅਹਿਮ ਹੁੰਦਾ ਹੈ ਕਿ ਕਿਹੜੀ ਪਾਰਟੀ ਨੂੰ ਵੋਟ ਪਾਈ ਜਾਵੇ। ਇੰਡੀਵਿਜੁਲ ਨੂੰ ਬਹੁਤੀ ਤਰਜੀਹ ਨਹੀਂ ਦਿਤੀ ਜਾਂਦੀ। ਪਾਰਟੀਆ ਦੀ ਤਸੀਰ ਵੇਖਣਾ ਅਹਿਮ ਹੁੰਦਾ ਹੈ। ਤਵਾਰੀਖ ਦਸਦੀ ਹੈ ਕਿ ਲਿਬਰਲਜ਼ ਦੀ ਪਾਲਸੀ ਹਮੇਸ਼ਾ ਇਮੀਗਰੈਂਟਸ ਦੇ ਹੱਕ ਵਿਚ ਰਹੀ ਹੈ।ਉਹ ਹਰ ਸਮੇ ਲੋਕ ਹਿਤੈਸ਼ੀ ਸਾਬਤ ਹੁੰਦੇ ਹਨ। ਇਸੇ ਲਈ ਸਭ ਤੋਂ ਵਧ ਸਮਾ ਕੇਂਦਰ ਵਿਚ ਲਿਬਰਲ ਸਰਕਾਰ ਹੀ ਬਣਦੀ ਰਹੀ ਹੈ। ਜਿਨੀ ਵਾਰ ਵੀ ਕਨਜ਼ਰਵੇਟਿਵਜ਼ ਨੂੰ ਪ੍ਰਖਿਆ ਗਿਆ ਹੈ ਲੋਕਾਂ ਦੇ ਦੰਦ ਖੱਟੇ ਹੀ ਹੋਏ ਹਨ। ਟੋਰੀਜ਼ ਹਮੇਸ਼ਾ ਆਪਣੇ ਆਪ ਨੂੰ ਮੁਲਕ ਦੇ ਮਾਲਕ ਅਤੇ ਇਮੀਗਰੈਂਟਸ ਨੂੰ ਓਪਰੇਬੰਦੇ ਗਿਣਦੇ ਰਹੇ ਹਨ।

ਇਨ੍ਹਾ ਤੱਥਾ ਦੇ ਸਾਹਮਣੇ ਇਕ ਗਲ ਸਾਬਤ ਹੋ ਜਾਂਦੀ ਹੈ ਕਿ ਟਰੂਡੋ ਸਾਹਿਬ ਮਾਈਨਾਰਟੀ ਵਿਚ ਰਹਿਕੇ ਕੰਮ ਕਰਨਾ ਸੌਖਾ ਨਹੀਂ ਗਿਣ ਰਹੇ। ਵਿਰੋਧੀਆ ਦਾ ਦਬਾ ਉਨ੍ਹਾ ਲਈ ਬੇਵਜਾਹ ਮੁਛਕਿਲਾਂ ਪੈਦਾ ਕਰਦਾ ਹੈ। ਹਰ ਸਿਆਣਾ ਬੰਦਾ ਸਮਝਦਾ ਹੈ ਕਿ ਹਮਖਿਆਲੀ ਲੋਕਾਨਾਲ ਕੰਮ ਕਰਨਾ ਅਨੰਦਮਈ ਹੁੰਦਾ ਹੈ ਅਤੇ ਅਲੋਚਕਾ ਨਾਲ ਨਿਭਣਾ ਬਹੁਤ ਕਸ਼ਟਮਈ ਹੁੰਦਾ ਹੈ। ਬੇਸ਼ਕ ਹਰ ਸਰਕਾਰ ਆਪਣੇ ਆਪ ਨੂੰ ਪਾਰਦਰਸ਼ੀ ਕਹਿੰਦੀ ਹੈ ਪਰ ਇਹ ਸਿਰਫ ਕਹਿਣ ਲਈ ਹੁੰਦਾ ਹੈ। ਦਰਅਸਲ ਹਰ ਸਰਕਾਰ ਦੇ ਆਪਣੇ ਸੀਕਰਟ ਹੁੰਦੇ ਹਨ ਜੋ ਪਬਲਿਕ ਨਹੀਂ ਕੀਤੇ ਜਾਂਦੇ। ਕੇਵਲ ਇਨਰ-ਸਰਕਲ ਜਾਂ ਕਲੋਜ਼ ਸਰਕਲ ਵਾਲੇ ਲੋਕਾਂ ਵਿਚ ਹੀ ਹੁੰਦੇ ਹਨ। ਮੀਡੀਆ ਖਬਰਾਂ ਅਮੂਮਨ ਅਨਦਾਜ਼ੇ ਹੁੰਦੇ ਹਨ। ਹੋ ਸਕਦੈ ਸਨੈਪ ਪੋਲ ਕਰਵਾਉਣ ਮਗਰ ਇਹੀ ਕਾਰਣ ਹੋਣ। ਹੋ ਸਕਦੇ ਕੁਝ ਵਡੇ ਮਸਲੇ ਹਲ ਕਰਨ ਲਈ ਮਜਾਰਟੀ ਵਿਚ ਹੋਣਾ ਇਕ ਜਰੂਰਤ ਬਣ ਗਈ ਹੋਵੇ।

ਇਨ੍ਹਾ ਹਾਲਾਤਾਂ ਵਿਚ ਵੋਟਰ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਉਹ ਇਹ ਵੇਖੇ ਕਿ ਮੈਂ ਕਿਸ ਪਾਰਟੀ ਦਾ ਮੁਦਈ ਹਾਂ। ਦੋ ਹੀ ਤਾਂ ਪਾਰਟੀਆ ਹਨ। ਲਿਬਰਲ ਜਾਂ ਕਨਜ਼ਵੇਟਿਵਜ਼। ਬਾਕੀ ਤਾਂ ਸਭ ਦੌੜਕੇ ਨਾਲ ਰਲਣ ਵਾਲੀਆ ਪਾਰਟੀਆ ਹਨ। ਜੇ ਤਾਂ ਤੁਸੀਂ ਲਿਬਰਲ ਪੱਖੀ ਹੋ ਤਾਂ ਚੁਪ ਕਰਕੇ ਟਰੂਡੋ ਨੂੰ ਮੁੜ ਪ੍ਰਧਾਨ ਮੰਤਰੀ ਬਣਦਾ ਵੇਖੋ ਤਾਂ ਜੋ ਉਲੀਕੇ ਕੰਮ ਸਿਰੇ ਲਗ ਸਕਣ। ਜੇ ਟੋਰੀ ਪੱਖੀ ਹੋ ਤਾਂ ਜੀ ਸਦਕੇ ਨਵੇਂ ਤਜ਼ੁਰਬੇ ਕਰੋ ਵੋਟਰਾਂ ਨੂੰ ਕੋਈ ਵੀ ਰੋਕਣ ਵਾਲਾ ਨਹੀਂ ਹੁੰਦਾ।

# ਬਹੁਮਤ ਨੂੰ ਤਰਸਦੇ ਬਹੁਤ ਜਲਦ ਟਰੂਡੋ ਸਹਿਬ ਗਾਣਾ ਬੇ-ਆਬਰੂ ਹੋ ਕਰ ਨਿਕਲੇ ਹਮ ਤੇਰੇ ... ਗੁਣ ਗਣਾਉਂਦੇ ਨਜ਼ਰ ਆਉਣਗੇ

ਬੇਮਤਲ ,ਬੇਤੁਕੀ- ਟਰੂਡੋ ਲਿਬਰਲ ਵਲੋਂ ਐਲਾਨੀ ਇਲੈਕਸ਼ਨ ਸਿਰਫ਼ ਤੇ ਸਿਰਫ਼ ਬਹੁਮੱਤ ਹਾਂਸਿਲ ਕਰਨ ਲਈ , ਪਾਵਰ ਅਖਤਿਉਣ ਲਈ ਜੋ ਕੈਨੇਡੀਅਨ ਲੋਕਾ ਦੀਆਂ ਜੇਬਾਂ ਨੂੰ 6.5 ਮਿਲੀਅਨ ਡਾਲਰ ਦਾ ਖੋਰਾ ਲਗਾ ਦੇਣਗੀਆ, ਤੇ ਹੁਣ ਤੱਕ ਦੇ ਸਰਵੇ, ਪੋਲਸ, ਦੱਸ ਰਹੇ ਹਨ ਕਿ ਕਿਸੇ ਵੀ ਪਾਰਟੀ ਨੂੰ 20 ਸਤੰਬਰ ਨੂੰ ਬਹੁਮੱਤ ਹਾਂਸਿਲ ਨਹੀਂ ਹੋਵੇਗੀ। ਜੋ ਵੀ ਪਾਰਟੀ ਵੱਧ ਸੀਟਾ ਲੈ ਕੇ ਜਾਵੇਗੀ, ਉਹ ਦੂਸਰੀਆਂ ਪਾਰਟੀਆਂ ਨਾਲ ਮਿਲ ਕੇ ਗੱਠਜੋੜ ਵਾਲੀ ਸਰਕਾਰ ਭਾਂਵ ਕੇ ਘੱਟ ਗਿਣੀ ਵਾਲੀ ਸਰਕਾਰ ਦਾ ਹੀ ਅਵਿਨੰਦਨ ਕਰਨਗੇ।

ਕੈਨੇਡੀਅਨ ਰਾਜਨੀਤੀ ਵਿਚ, ਆਉਣ ਵਾਲੇ ਨੂੰ ਉਦੋਂ ਤਕ ਫਾਇਦਾ ਹੁੰਦਾ ਹੈ ਜਦੋਂ ਤਕ ਉਹ ਖੁਦ ਸੀਟ ਨਹੀਂ ਛੱਡਦੇ ਜਾਂ 2-3 ਚੋਣਾਂ ਤੋਂ ਬਾਅਦ, ਪਾਰਟੀ ਛੱਪੜ ਦੀ ਮੱਛੀ ਵਾਗ ਤਲਾਬ ਨੂੰ ਚੰਗੀ ਤਰ੍ਹਾਂ ਗੰਦਾ ਨਹੀਂ ਕਰ ਦਿੰਦੀ। ਉਦਾਰਹਨ ਵਜੋਂ ਉਨਟੈਰਿਉ ਸੂਬੇ ਦੀਆਂ ਚੋਣਾ ਨੂੰ ਲੈ ਲਉ ਪ੍ਰੀਮੀਅਰ ਵਿੰਨ ਨੇ ਤਲਾਬ ਇੰਨਾ ਗੰਦਾ ਕਰ ਦਿੱਤਾ ਕਿ ਸੂਬੇ ਦੇ ਮਸ਼ੇਰਿਆਂ ( ਲੋਕਾ) ਨੇ ਇਸ ਤਰ੍ਹਾਂ ਵੋਟਾਂ ਦਾ ਜਾਲ ਵਿਛਾਇਆਂ ਕੇ ਲਿਬਰਲ ਦੇ ਤਕਰੀਬਨ ਸਾਰੇ ਮੱਛੇ ਮੱਛੀਆਂ ਤਲਾਬ ਤੋਂ ਬਾਹਰ ਕਰ ਦਿੱਤੇ।ਜਾਲ ਨੂੰ ਤਲਾਬ ਵਿਚੋਂ ਬਾਹਰ ਕੱਢਦੇ ਸਮੇਂ 7 ਕੋ ਫਿਰ ਵੀ ਜਾਲ ਵਿਚੋਂ ਬਚ ਨਿਕਲਿਆਂ। ਟਰੂਡੋ ਨੂੰ ਚੁਣੇ ਗਏ ਨੂੰ ਸਿਰਫ 6 ਸਾਲ ਹੋਏ ਹਨ। ਜੋ ਉਹਨਾਂ ਵਲੋਂ ਘਪਲੇ ਅੱਜ ਤੱਕ ਕੀਤੇ ਹਨ , ਲੋਕ ਉਹਨਾਂ ਨੂੰ ਕੋਈ ਖਾਸ ਵਿਰੋਧ ਵਿਚ ਲੈ ਨਹੀਂ ਰਹੇ, ਸਿਵਾਏ ਕੁਛ ਕੁਛ ਬਰਾਉਨ ਅਤੇ ਬਲੈਕ ਫੇਸ ਵਾਲੇ ਮੁਦੇ ਤੇ, ਜਿੰਨਾ ਕੇ ਬੇਮਤਲ- ਬੇਤੁਕੀ ਇਲੈਕਸ਼ਨ ਕਰਵਾਉਣ ਤੇ ਵਿਰੋਧ ਕਰ ਰਹੇ ਹਨ।

ਪਾਰਟੀਆਂ ਆਰਥਿਕਤਾ ਦੇ ਅਧਾਰ ’ਤੇ ਚੋਣਾਂ ਜ਼ਿਆਦਾ ਅਕਸਰ ਹਾਰਦੀਆਂ ਹਨ. ਕੈਨੇਡਾ ਦੀ ਆਰਥਿਕਤਾ ਚੰਗੀ ਸਥਿਤੀ ਵਿਚ ਸੀ ਪਰ ਬਜਟੀ ਘਾਟੇ ਨੂੰ ਪੂਰਾ ਕਰਨ ਲਈ ਲਿਬਰਲ ਟਰੂਡੋ ਸਰਕਾਰ ਕੁਝ ਵੀ ਨਹੀਂ ਕੀਤਾ। ਤੇ 2015 ਤੋਂ ਜੋ ਵਾਅਦੇ ਕਰ ਰਿਹਾ ਹੈ ਉਹ ਵੀ ਕੋਈ ਇਕ ਵੀ ਪੂਰਾ ਨਹੀਂ ਕੀਤਾ।

ਜੇਕਰ ਐਮ ਪੀ ਪੀ ਦੇ ਗੱਲ ਕਰੀਏ ਤਾਂ ਬਰੈਂਪਟਨ ਜਾਂ ਹੋਰ ਸ਼ਹਿਰਾਂ ਵਿਚ ਤਾਂ ਲਿਬਰਲ ਐਮ ਪੀ ਬਹੁਤ ਮਾਣ ਨਾਲ ਕਹਿੰਦੇ ਹਨ ਕਿ ਅਸੀਂ ਬਰੈਂਪਟਨ ਬੱਸਾਂ ਤੇ ਹੋਰ ਕਈ ਖੇਤਰਾਂ ਲਈ ਫੈਡਰਲ ਸਰਕਾਰ ਤੋਂ ਪੈਸਾ ਸਿਟੀ ਲਈ ਲੈ ਕੇ ਆਂਦਾ, ਪਰ ਜੋ ਪੂਰਾ ਸੱਚ ਨਹੀਂ ਹੈ। ਜੇਕਰ ਇਹ ਐਮ ਪੀ ਨਾ ਵੀ ਵਿਚੋਲੇ ਬਣਦੇ ਤਾਂ ਵੀ



ਇਹ ਸਾਰਾ ਪੈਸਾ ਸਿਟੀ ਨੂੰ ਆ ਹੀ ਜਾਣਾ ਸੀ। ਕਿਉਂਕਿ ਫੈਡਰਲ ਸਰਕਾਰ ਦੇ ਕੁਝ ਇਸ ਤਰਹਾਂ ਦੇ ਪ੍ਰੋਗਰਾਮ ਹੁੰਦੇ ਹਨ ਜਿਵੇ ਕੇ ਗਰੀਨ ਗੈਸਾ ਤੇ ਵਾਤਾਵਰਨ, ਇੰਨਵੋਰਮੈਨਟ ਤੇ ਕਾਬੂ ਪਾਉਣ ਲਈ ਹਰ ਸਿਟੀ ਨੂੰ ਪੈਸਾ ਦਿੱਤਾ ਜਾਂਦਾ ਹੈ। ਜੋ ਦਿੱਤਾ ਗਿਆ। ਪਰ ਗੱਲ ਤਾਂ ਇਹ ਹੈ ਕਿ ਬਰੈਂਪਟਨ ਦੇ ਐਮ ਪੀਜ਼ ਨੇ ਬਰੈਂਪਟਨ ਲਈ 6 ਸਾਲਾਂ ਵਿਚ ਆਪਣੀ ਕਾਰਗੁਜਾਰੀ , ਹਿੰਮਤ ਨਾਲ ਬਰੈਂਪਟਨ ਵਿਚ ਕੀ ਲਿਆਂਦਾ? ਕੁਝ ਵੀ ਨਹੀਂ ! ਸਿਰਫ਼ ਆਪਣੇ ਪੇਚੈਕ ਲੇਣ ਤੱਕ ਤੇ ਭਾਈਚਾਰੇ ਵਿਚ ਜਾ ਕੇ ਫੋਟੋਆਂ ਤੱਕ ਹੀ ਸੀਮਤ ਰਹਿ ਗਏ।



ਸੁਰਜੀਤ ਸਿੰਘ ਫਲੋਰਾ

ਦੂਸਰੇ ਪਾਸੇ ਕੰਸਰਵੇਟਿਵ ਤੋਂ ਟੂਲ ਜਦ ਬਣੇ ਸਨ ਤਾਂ ਕੋਈ ਆਸ ਨਹੀਂ ਸੀ ਕਿ ਉਹ ਪਾਰਟੀ ਤੇ ਕੈਨੇਡਾ ਨੂੰ ਦੂਰ ਤੱਕ ਲੈ ਕੇ ਜਾ ਸਕਦੇ ਹਨ। ਪਰ ਜਦ ਇਲੈਕਸ਼ਨਾਂ ਦਾ ਐਲਾਨ ਹੋਇਆ ਤਾਂ ਉਹਨਾਂ ਵਲੋਂ ਆਪਣੇ ਵਿਚਾਰ , ਆਪਣੀ ਪਾਲਸੀ, ਕੈਨੇਡੀਅਨਾਂ ਸਾਹਮਣੇ ਰੱਖੀ ਤਾਂ ਮੇਰੇ ਉਹਨਾਂ ਪ੍ਰਤੀ ਵਿਚਾਰ ਬਦਲ ਗਏ। ਜਿਸ ਹਿਸਾਬ ਨਾਲ ਹੋ ਅੱਗੇ ਵਧ ਰਹੇ ਹਨ , ਉਹਨਾਂ ਦੀ ਹਰਮਨ ਪਿਆਰਤਾਂ ਵਧ ਰਹੀ ਹੈ। ਲੋਕਾ ਦੇ ਮਨ ਬਦਲ ਰਹੇ ਹਨ। ਹੋ ਸਕਦਾ ਹੈ , ਹਾਰਪਰ ਦੀ ਤਰ੍ਹਾ ਉਹ ਇਕ ਵਾਰ ਫਿਰ ਕੈਨੇਡਾ ਵਿਚ ਬਲੂ ਵੇਵ ਲਿਆਂ ਕੇ ਲਿਬਰਲ ਸਰਕਾਰ ਦਾ ਭੋਗ ਹੀ ਪਾ ਦੇਣ। ਤੇ ਟਰੂਡੋ ਲਿਬਰਲ ਬਹੁਮਤ ਨੂੰ ਤਰਸਦੇ - ਤਰਸਦੇ ਬੜੇ ਬੇ-ਆਬਰੂ ਹੋ ਕਰ ਨਿਕਲੇ ਹਮ ਤੇਰੇ ਕੂਚੇ ਸੇ ਗੁਣ ਗੁਣਾਉਂਦੇ ਹੋਏ ਪਿਛੇਂ ਤੱਪੜਾਂ ਤੇ ਬੈਠਣ ਯੋਗੇ ਹੀ ਰਹਿ ਜਾਣ।

ਜਗਮੀਤ ਸਿੰਘ ਮਜ਼ਬੂਤ ਨੇਤਾ ਸਾਬਤ ਨਹੀਂ ਹੋ ਰਹੇ,ਬੋਲਣ ਚੱਲਣ ਪਹਿਨਣ ਤੱਕ ਤਾਂ ਠੀਕ ਹੈ, ਉਹ ਇਕ ਚੰਗੇ ਬੁਲਾਰੇ ਹਨ, ਪਰ ਲੋਕਾਂ ਨੂੰ ਨਾਲ ਜੋੜਨਾਂ ਜੋ ਬਹੁਤ ਔਖਾ ਕੰਮ ਹੈ। ਪਰ ਪਿਛਲੇ ਸਾਲ ਤੇ ਝਾਂਤ ਮਾਰੀਏ ਤਾਂ ਇੱਥੋਂ ਤਕ ਕਿ ਉਹ ਤਿਆਰ ਵੀ ਨਹੀਂ ਸਨ । ਪਰ ਇਸ ਵਾਰ ਉਹ ਕਾਫੀ ਹੱਦ ਤੱਕ ਲੋਕਾ ਨੂੰ ਆਪਣੇ ਰੰਗ ਵਿਚ ਰੰਗਣ ਵਿਚ ਕਾਮਯਾਬ ਹੋ ਰਹੇ ਹਨ। ਪਰ ਉਹ ਸੰਤਰੀ ਵੇਵ ਜੋ ਜੈਕ ਲੇਟਿਨ ਸਾਹਿਬ ਕੇ ਆਏ ਸਨ ਉਹ ਬਹੁਤ ਦੂਰ ਦੀ ਗੱਲ ਹੀ ਜਾਪਦੀ ਹੈ।

ਚੋਣਾਂ ਵਿੱਚ ਵਿਗਾੜ ਪੈਦਾ ਕਰਨ ਵਾਲਾ ਹੈ. ਮੈਕਸਿਮ ਬਰਨੀਅਰ, ਇਕ ਮੇਲ ਖਾਂਦੀ ਜੌਲਾਇਨ ਨਾਲ ਹਉਮੈ, ਅਸਲ ਵਿਚ ਇਕ ਵਧੇਰੇ ਜਾਤੀਵਾਦੀ, ਵਧੇਰੇ ਸੱਜੇਪੱਖੀ, ਘੱਟ ਇਲੈਕਟ੍ਰੋਟਬਲ ਸੱਜੇਪੱਖੀ ਪਾਰਟੀ ਬਣਾਉਣ ਦੇ ਨਾਲ ਕੰਜ਼ਰਵੇਟਿਵਜ਼ ਨਾਲ ਮੁਕਾਬਲਾ ਕਰਨ ਲਈ ਅੱਗੇ ਵੱਧ ਰਹੀ ਹੈ. ਉਹ ਨਿਸ਼ਚਤ ਤੌਰ ’ਤੇ ਲਿਬਰਲ ਜਾਂ ਐਨਡੀਪੀ ਦੀਆਂ ਵੋਟਾਂ ਨੂੰ ਵਿਸ਼ਵ’ ਤੇ ਆਪਣੇ ਅਯਾਨ ਰੈਂਡ ਵਿਚਾਰਾਂ ਅਤੇ ਇਮੀਗ੍ਰੇਸ਼ਨ ਬਾਰੇ ਸਪਸਟ ਤੌਰ ’ਤੇ ਇਕ ਇਤਿਹਾਸਕ ਵਿਚਾਰਾਂ ਨਾਲ ਹਾਂਸਲ ਨਹੀਂ ਕਰੇਗਾ। ਉਹ ਉਸੇ ਅਧਾਰ ਦਾ ਪਿੱਛਾ ਕਰ ਰਿਹਾ ਹੈ ਜਿਵੇਂ ਕਿ ਕੰਜ਼ਰਵੇਟਿਵ।

ਕਾਰਬਨ ਟੈਕਸ ਅਤੇ ਪਾਈਪ ਲਾਈਨ ਨੂੰ ਵੇਖਣ ਦੇ ਕੁਝ ਵਿਗਾੜਣ ਵਾਲੇ ਮੁੱਦੇ ਹਨ. ਪਾਈਪ ਲਾਈਨ ਦੀ ਸ਼ੁਰੂਆਤ ਕਰਦਿਆਂ, ਟਰੂਡੋ ਨੇ ਟੀਮ ਨੂੰ ਖਰੀਦ ਕੇ ਇਕ ਟੀਮ ਲਈ, 4.7 ਬਿਲੀਅਨ ਡਾਲਰ ਤੁਰੰਤ ਅਤੇ ਸ਼ਾਇਦ ਲੰਬੇ ਸਮੇਂ ਵਿਚ 15 ਬਿਲੀਅਨ ਡਾਲਰ ਦੇ ਨੇੜੇ ਲਿਆ. ਵਿਸ਼ਵਵਿਆਪੀ ਵਪਾਰ ਸੰਦੇਸ਼ ਇਹ ਭੇਜਣਾ ਜ਼ਰੂਰੀ ਸੀ ਕਿ ਕਨੇਡਾ ਕਾਰੋਬਾਰ ਲਈ ਖੁੱਲਾ ਹੈ, ਪਰ ਇਹ ਉਸਨੂੰ ਅਲਬਰਟਾ ਜਾਂ ਬਾਕੀ ਕੈਨੇਡਾ ਵਿੱਚ ਕੋਈ ਵੋਟ ਨਹੀਂ ਦੇਵੇਗਾ, ਅਸਲ ਵਿੱਚ ਇਹ ਉਸਨੂੰ ਮੌਸਮੀ ਤਬਦੀਲੀ ਦੇ ਵੋਟਰਾਂ ਤੋਂ ਗੁਆ ਦੇਵੇਗਾ. ਇਸਦਾ ਫਲਿਪ ਸਾਈਡ ਇਹ ਹੈ ਕਿ ਸੰਘੀ ਅਤੇ ਸੂਬਾਈ ਪੱਧਰ ’ਤੇ ਰੂੜ੍ਹੀਵਾਦੀ ਸੰਘੀ ਕਾਰਬਨ ਟੈਕਸ ਨੂੰ ਇਕ ਪਾੜਾ ਵਜੋਂ ਜੋੜ ਰਹੇ ਹਨ ਅਤੇ ਇਸ ਨੂੰ ਬੀਐਸ ਦੇ ਵੱਖ ਵੱਖ ਰੂਪਾਂ ਨਾਲ ਬਦਨਾਮ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ। ਇਹ ਸਵਿੰਗ ਵੋਟਰਾਂ ਨਾਲ ਗੂੰਜਣ ਦੀ ਸੰਭਾਵਨਾ ਹੈ ਜੋ ਵਿੱਤੀ ਕੇਂਦਰਵਾਦੀ ਹਨ ਅਤੇ ਖਾਸ ਕਰਕੇ ਸਮੇਂ ਦੀ ਪਰਵਾਹ ਨਹੀਂ ਕਰਦੇ। ਸੁਮੇਲ ਸੰਭਾਵਤ ਤੌਰ ’ਤੇ ਲਿਬਰਲ ਨੂੰ ਮਿਲਣ ਵਾਲੀਆਂ ਵੋਟਾਂ ਨੂੰ ਤੋੜ ਦੇਵੇਗਾ।

ਟਰੂਡੋ ਜੋ ਪਾਰਵ ਦੇ ਬਹੁਮੱਤ ਲਈ ਭੁਖੇ ਸ਼ੇਰ ਦੀ ਤਰ੍ਹਾ ਦਹਾੜ ਲਗਾ ਕੇ ਇਲੈਕਸ਼ਨ ਮੈਦਾਨ ਵਿਚ ਆਏ ਸਨ ਮੂੰਹ ਦੀ ਖਾਂ ਕੇ ਮੂੰਹ ਭਾਰ ਹੀ ਡਿਗਣਗੇ।

ਟੂਲ ਸਹਿਬ ਆਪਣੇ ਆਪ ਨੂੰ ਪੂਰੀ ਤਰ੍ਹਾਂ ਕੈਨੇਡੀਅਨਾਂ ਦੇ ਮਨਾਂ ‘ਚ ਉਤਾਰ ਰਹੇ ਹਨ ਟਰੂਡੋ ਲਿਬਰਲਾਂ ਦਾ ਜੋ ਨੁਕਸਾਨ ਕਰ ਰਹੇ ਹਨ। ਪਰ ਦੂਜੇ ਪਾਸੇ ਟਰੂਡੋ ਦਾ ਧਿਆਨ ਨੀਤੀ ਅਨੁਸਾਰ ਸੂਝਵਾਨਤਾਂ ਨਾਲ ਐਨਡੀਪੀ ਅਤੇ ਕੰਸਰਵੇਟਿਵ ਦੇ ਖੇਤਰਾਂ ਵਿਚ ਕੇਂਦਰਿਤ ਕਰਕੇ ਉਹਨਾਂ ਦੀਆਂ ਵੋਟਾਂ ਨੂੰ ਆਪਣੇ ਵੱਲ ਖਿੱਚ ਦੀ ਕੋਸ਼ਿਸ਼ ਕਰ ਰਹੇ ਹਨ ਪਰ ਲੋਕਾ ਦੀ ਨਿਰਾਜ਼ਗੀ ਉਹਨਾਂ ਦਾ ਸਾਥ ਨਹੀਂ ਦੇ ਰਹੀ।

ਜਸਟਿਨ ਟਰੂਡੋ ‘ਚ ਆਪਣੇ ਗੁਣਾਂ ਦੀ ਇਕ ਵੱਖਰੀ ਘਾਟ ਦਿਖਾਈ ਦਿੰਦੀ ਹੈ ਜੋ ਉਸ ਦੇ ਪਿਤਾ ‘ਚ ਸੀ ਤੇ ਜਿਸ ਨੇ ਉਸ ਨੂੰ ਇਕ ਮਹਾਨ ਰਾਜਨੇਤਾ ਬਣਾਇਆ ਸੀ ।

ਜਿਵੇਂ ਕਿ ਦੂਜੀਆਂ ਪਾਰਟੀਆਂ ਦੀ ਗੱਲ ਕਰੀਏ ਤਾਂ ਗ੍ਰੀਨ ਪਾਰਟੀ ਵਿਚਾਰਧਾਰਾਵਾਂ ਨਾਲ ਭਰੀ ਇਕੋ ਮੰਚ ਪਾਰਟੀ ਹੈ, ਜਦੋਂ ਕਿ ਐਨ ਡੀ ਪੀ, ਕੁਝ ਕ੍ਰਿਸ਼ਮਾ ਨਾਲ ਨੇਤਾ ਹੋਣ ਦੇ ਬਾਵਜੂਦ, ਇੱਕ ਗੰਭੀਰ ਦਾਅਵੇਦਾਰ ਬਣਨ ਲਈ ਬਹੁਤ ਖੱਬੇ ਪੱਖੀ ਨੀਤੀ ਅਨੁਸਾਰ ਹੈ। ਇਹ ਦੋਵੇਂ ਪਾਰਟੀਆਂ ਕੰਸਰਵੇਟਿਵ ਅਤੇ ਲਿਬਰਲ ਦੀਆਂ ਵੋਟਾਂ ਜਰੂਰ ਤੋੜਨਗੀਆ।

ਟੋਰੀ ਇਸ ਸਮੇਂ ਸਖ਼ਤ ਮਿਹਨਤ ਕਰਦੇ ਦਿਖਾਈ ਦੇ ਰਹੇ ਹਨ। ਸਿਰਫ ਇਕ ਹੀ ਹਨੇਰਾ ਘੋੜਾ ਜੋ ਕਿ ਕੰਮ ਵਿਚ ਵਿਗਾੜ ਪਾ ਸਕਦਾ ਹੈ ਬਰਨੀਅਰ ਦੀ ਪੀਪਲਜ਼ ਪਾਰਟੀ ਆਫ ਕੈਨੇਡਾ ਹੈ। ਸੁਤੰਤਰ ਧਿਰ ਵਜੋਂ,ਜਿਵੇਂ ਕਿ ਕੁਝ ਦਾਅਵਾ ਕਰਦੇ ਹਨ - ਪਰੰਤੂ ਵਰਤਮਾਨ ਵਿੱਚ ਉਨ੍ਹਾਂ ਦੀ ਪਹੁੰਚ ਨਹੀਂ ਹੈ ਪਰ ਪਾਰਟੀ ਨੂੰ ਉਚ ਪੱਧਰ ਤੇ ਲੈ ਕੇ ਜਾਣ ਲਈ ਸਮੇਂ ਦੀ ਮੰਗ ਕਰਦਾ ਹੈ,ਇਸ ਸਮੇ ਇਹ ਵੋਟਾਂ ਤੋੜਨ ਤੱਕ ਸੀਮਿਤ ਰਹੇਗੀ ਇਸ ਤੋਂ ਵੱਧ ਹੋਰ ਕੁਝ ਨਹੀਂ।

ਕੈਨੇਡੀਅਨਾਂ ਨੇ ਜਾਲ ਤੇ ਵਿਛਾਣੇ ਸ਼ੁਰੂ ਕਰ ਦਿੱਤੇ ਜੋ ਵੀ ਮੱਛੇ ਮੱਛੀਆਂ ਤਲਾਬ ਨੂੰ ਗੰਧਲਾ ਕਰ ਚੁਕਿਆਂ ਹਨ ਉਹਨਾਂ ਨੂੰ ਬਾਹਰ ਕੱਢਣ ਲਈ, ਪਰ ਕਿਸ ਕਿਸ ਦੀ ਕਿਸਤ ਕੀ ਕਿਧੇ ਤੱਕ ਸਾਥ ਦਿੰਦੀ ਹੈ ਉਸ ਲਈ 20 ਸਤੰਬਰ ਤੱਕ ਸਾਨੂੰ ਇੰਤਜ਼ਾਰ ਕਰਨੀ ਪਏਗੀ।

# ਜਿਸ ਅੰਦਰਿ ਤਾਤਿ ਪਰਾਈ ਹੋਵੈ, ਤਿਸ ਦਾ ਕਦੇ ਨ ਹੋਵੀ ਭਲਾ।।

ਸਾਨੂੰ ਸਾਰਿਆਂ ਨੂੰ ਆਪਣੇ ਆਪ ਨੂੰ ਭਾਗਾਂ ਵਾਲੇ ਸਮਝਣਾ ਚਾਹੀਦਾ ਹੈ ਕਿ ਸਾਡੇ ਕੋਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਇੱਕ ਅਜਿਹੇ ਮਾਰਗ ਦਰਸ਼ਕ ਹਨ ਜੋ ਸਾਡੇ ਜੀਵਨ ਦੇ ਹਰ ਮੋੜ ਉੱਪਰ ਸਾਡਾ ਮਾਰਗ ਦਰਸ਼ਨ ਕਰਦੇ ਹਨ। ਇੱਕ ਦਿਨ ਗੁਰਬਾਣੀ ਵਿਚਾਰਦਿਆਂ ਇਹ ਪੰਗਤੀਆਂ ਸਾਹਮਣੇ ਆਈਆਂ ਤਾਂ, ਮਨ ਹੈਰਾਨ ਸੀ ਕਿ ਗੁਰੂ ਸਾਹਿਬ ਸਾਨੂੰ ਕਿਸ ਤਰ੍ਹਾਂ ਹਰ ਗੱਲ ਤੇ ਸਾਵਧਾਨ ਕਰ ਰਹੇ ਹਨ।

ਜੇਕਰ ਅੱਜ ਮੌਜੂਦਾ ਦੌਰ ਵੱਲ ਝਾਤ ਮਾਰੀਏ ਤਾਂ ਲੋਕ ਆਪਣੇ ਦੁੱਖ ਤੋਂ ਘੱਟ ਅਤੇ ਦੂਸਰਿਆਂ ਦੇ ਸੁੱਖ ਤੋਂ ਜਿਆਦਾ ਦੁਖੀ ਨਜ਼ਰ ਆਉਂਦੇ ਹਨ। ਈਰਖਾ, ਦਵੇਸ਼, ਕੁੜੱਤਣ, ਲਾਲਸਾ ਅਤੇ ਲਾਲਚ ਨੇ ਸਾਨੂੰ ਅੰਦਰੋਂ ਖੋਖਲਾ ਕਰ ਦਿੱਤਾ ਹੈ। ਮਨੁੱਖ ਕਿੰਨੀ ਬੇਸਮਝੀ ਨਾਲ ਕਿਸੇ ਹੋਰ ਦੇ ਸੁੱਖ ਅਰਾਮ, ਤਰੱਕੀ ਨੂੰ ਵੇਖ ਅੰਦਰੋ ਅੰਦਰੀ ਕੋਲੇ ਵਾਂਗ ਭੱਖਦਾ ਰਹਿੰਦਾ ਹੈ, ਬਜਾਇ ਇਸ ਦੇ ਕਿ ਉਹੀ ਸਮਾਂ ਆਪਣੇ ਕੰਮ ਵੱਲ ਧਿਆਨ ਦੇਕੇ ਆਪ ਕਿਸੇ ਖੇਤਰ ਵਿੱਚ ਸਫ਼ਲ ਹੋਇਆ ਜਾ ਸਕੇ। ਹਰ ਮਨੁੱਖ ਦੀ ਕਾਮਨਾ ਹੁੰਦੀ ਹੈ ਕਿ ਉਹ ਅੱਗੇ ਵਧੇ, ਸਮਾਜ ਵਿੱਚ ਉਸਦਾ ਚੰਗਾ ਰੁਤਬਾ ਹੋਵੇ, ਪਰ ਇਸ ਲਈ ਜਰੂਰੀ ਹੈ ਕਿ ਮਨੁੱਖ ਸਾਫ ਨੀਅਤ ਨਾਲ ਆਪਣਾ ਕਰਮ ਕਰੇ ਅਤੇ ਮਿਹਨਤ



ਹਰਕੀਰਤ ਕੌਰ
97791 18066

ਨਾਲ ਆਪਣਾ ਮੁਕਾਮ ਹਾਸਿਲ ਕਰੇ। ਜਿੰਨਾ ਸਮਾਂ ਦੂਸਰੇ ਦੀ ਤਰੱਕੀ ਜਾਂ ਸੁੱਖ ਨੂੰ ਘੂਰਦਿਆਂ ਅਜਾਈ ਗਵਾਇਆ ਜਾ ਰਿਹਾ, ਇਹ ਸਮਾਂ ਆਪਣੇ ਆਪ ਨੂੰ ਨਿਖਾਰਨ ਉੱਪਰ ਵੀ ਲਗਾਇਆ ਜਾ ਸਕਦਾ ਹੈ। ਦੂਸਰਿਆਂ ਲਈ ਮਨ ਵਿੱਚ ਦਵੇਸ਼ ਰੱਖਣ ਵਾਲਾ ਮਨੁੱਖ ਹਮੇਸ਼ਾ ਸੁਭਾਅ ਵਿੱਚ ਚਿੜਚਿੜਾ ਹੁੰਦਾ ਹੈ। ਉਸਨੂੰ ਬਿਨਾ ਕਿਸੇ ਗੱਲ ਤੋਂ ਹੀ ਗੁੱਸਾ ਆਉਂਦਾ ਹੈ, ਉਹ ਆਪ ਤਾਂ ਅੰਦਰੋ ਅੰਦਰ ਦੁਖੀ ਹੁੰਦਾ ਹੈ ਨਾਲ ਰਹਿਣ ਵਾਲੇ ਪਰਿਵਾਰਿਕ ਜਨਾਂ ਦਾ ਵੀ ਉਸ ਨੇ ਜੀਵਨ ਦੁੱਭਰ ਕੀਤਾ ਹੁੰਦਾ ਹੈ। ਪਰਾਈ ਤਾਤ ਰੱਖਣ ਵਾਲੇ ਇੱਕ ਮਨੁੱਖ ਕਰਕੇ ਹੀ ਪੂਰਾ ਪਰਿਵਾਰ ਅਵਾਜ਼ਾਰੀ ਦਾ ਸਾਹਮਣਾ ਕਰਦਾ ਹੈ, ਕਿਉਂਕਿ ਬਹੁਤਾਤ ਅਜਿਹੇ ਮਨੁੱਖ ਦਾ ਵਸ ਕਿਤੇ ਹੋਰ ਨਾ ਚੱਲਣ ਕਰਕੇ ਪਰਿਵਾਰ ਮੈਬਰਾਂ ਉੱਪਰ ਚੱਲ ਜਾਂਦਾ ਹੁੰਦਾ ਹੈ। ਸੋ ਅਜਿਹੇ ਮਨੁੱਖ ਕਿਸੇ ਦੇ ਸੁੱਖ ਨੂੰ ਵੇਖ ਆਪ ਤਾਂ ਦੁੱਖੀ ਹੁੰਦੇ ਹੀ ਹਨ ਨਾਲ ਦੀ ਨਾਲ ਪਰਿਵਾਰ ਦੇ ਜੀਆਂ ਨੂੰ ਵੀ ਤੰਗ ਕਰਦੇ ਹਨ। ਪਰ ਯਾਦ ਰਹੇ ਕਿਸੇ ਪ੍ਰਤੀ ਮਨ ਵਿੱਚ ਦਵੇਸ਼, ਈਰਖਾ ਤੇ ਸਾੜਾ ਰੱਖਣ ਵਾਲੇ ਮਨੁੱਖ ਕਦੇ ਖੁਸ਼ ਨਹੀਂ ਹੁੰਦੇ। ਪੰਥ ਰਤਨ ਗਿਆਨੀ ਪਿੰਦਰਪਾਲ ਸਿੰਘ ਜੀ ਇੱਕ ਕਥਾ ਵਿੱਚ ਦੱਸਦੇ ਸਨ ਕਿ ਅਜਿਹੇ ਮਨੁੱਖ ਪਹਿਲਾਂ ਆਪਣੇ ਆਪ ਨੂੰ ਸਾੜਦੇ ਹਨ, ਪਹਿਲਾਂ ਆਪ ਕਿਸੇ ਨੂੰ ਅੱਗੇ ਵੱਧਦਾ ਵੇਖ ਦੁੱਖੀ ਹੁੰਦੇ ਹਨ ਅਤੇ ਕਦੇ ਕਦੇ ਅਜਿਹੇ ਮਨੁੱਖ ਦੀ ਅਜਿਹੀ ਦਵੇਸ਼ ਭਰੀ ਨਿਗਾਹ ਕਿਸੇ ਉੱਪਰ ਪੈਂਦੀ ਹੈ ਕਿ ਕਿਸੇ ਦੀਆਂ ਖੁਸ਼ੀਆਂ ਨੂੰ ਵੀ ਨਜ਼ਰ ਲੱਗ ਜਾਂਦੀ ਹੈ।

ਪਰ ਧਿਆਨ ਰਹੇ ਗੁਰਬਾਣੀ ਦੇ ਮਹਾਵਾਕ ਅਨੁਸਾਰ ਜਿਸ ਮਨੁੱਖ ਦੇ ਹਿਰਦੇ ਵਿੱਚ ਦੂਸਰਿਆਂ ਪ੍ਰਤੀ ਦਵੇਸ਼, ਈਰਖਾ ਹੈ ਉਸਦਾ ਆਪਣਾ ਕਦੇ ਵੀ ਭਲਾ ਨਹੀਂ ਹੋ ਸਕਦਾ , ਉਹ ਚਾਹ ਕੇ ਵੀ ਅੱਗੇ ਨਹੀਂ ਵੱਧ ਸਕਦਾ। ਅਜਿਹੇ ਮਨੁੱਖ ਹਮੇਸ਼ਾ ਖੁਸ਼ੀਆਂ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਸਾਰੀ ਜ਼ਿੰਦਗੀ ਦੂਸਰਿਆਂ ਦੇ ਸੁੱਖ ਨੂੰ ਦੇਖ ਦੇਖ ਕੇ ਦੁਖੀ ਹੁੰਦੇ ਰਹਿੰਦੇ ਹਨ। ਹਰ ਮਨੁੱਖ ਨੂੰ ਜੀਵਨ ਰੂਪੀ ਧਰਤ ਮਿਲੀ ਹੈ ਇਸ ਵਿੱਚ ਜਿਵੇਂ ਦੇ ਕਰਮ ਰੂਪੀ ਬੀਜ ਪਾਵਾਂਗੇ, ਉਸ ਤਰ੍ਹਾਂ ਦੇ ਫਲ ਸਾਨੂੰ ਨਸੀਬ ਹੋਣਗੇ। ਸੋ ਯਤਨ ਰਹੇ ਕਿ ਗੁਰਬਾਣੀ ਦੇ ਇਹਨਾਂ ਵਾਕਾਂ ਨੂੰ ਆਪਣੇ ਜੀਵਨ ਦਾ ਅਧਾਰ ਬਣਾ , ਈਰਖਾ, ਦਵੇਸ਼, ਨਿੰਦਿਆ ਤੋਂ ਦੂਰ ਰਹੀਏ ਅਤੇ ਪਿਆਰ ਦੇ ਬੀਜ ਬੀਜੀਏ। ਤਾਂ ਜੋ ਇੱਕ ਪਿਆਰ ਭਰਿਆ ਸਮਾਜ ਸਿਰਜ ਸਕੀਏ ਜਿੱਥੇ ਹਰ ਕੋਈ ਭਾਈਚਾਰਕ ਸਾਂਝ ਨਾਲ ਜੀਵਨ ਬਸਰ ਕਰੇ।

# ਦਿੱਲੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ ਸਿੱਖੀ ਸਿਧਾਂਤਾਂ ਤੋਂ ਦੂਰ ਕਿਉਂ ਹੁੰਦੇ ਜਾ ਰਹੇ ਹਨ ?

ਲੰਬੀ ਜਦੋਜਹਿਦ ਤੋਂ ਉਪਰੰਤ ਦਿੱਲੀ ਦੇ ਗੁਰੂਧਾਮਾਂ ਦਾ ਪ੍ਰਬੰਧ ਦਿੱਲੀ ਦੇ ਸਥਾਨਕ ਵੋਟਰਾਂ ਦੇ ਹੱਥਾਂ ‘ਚ ਸੋਂਪਿਆ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਮ੍ਰਿਤਸਰ ਸਾਹਿਬ ਤੋਂ ਬਾਅਦ ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਸਿਖਾਂ ਦੀ ਦੂਜੇ ਸਥਾਨ ‘ਤੇ ਆਉਣ ਵਾਲੀ ਇਕ ਵੱਡੀ ਧਾਰਮਿਕ ਸੰਸਥਾ ਹੈ ਜਿਸ ਦੀ ਸਥਾਪਨਾ ਭਾਰਤ ਦੀ ਪਾਰਲੀਆਮੈਂਟ ਵਲੋਂ ਬਣਾਏ ਦਿੱਲੀ ਸਿੱਖ ਗੁਰੂਦੁਆਰਾ ਐਕਟ 1971 ਦੇ ਤਹਿਤ ਕੀਤੀ ਗਈ ਸੀ। ਇਸ ਕਮੇਟੀ ਦਾ ਮੁੱਖ ਮਨੋਰਥ ਦਿੱਲੀ ਦੇ ਇਤਹਾਸਿਕ ਗੁਰੂਦੁਆਰਿਆਂ ਦਾ ਪ੍ਰਬੰਧ ‘ਤੇ ਉਹਨਾਂ ਦੀ ਜਾਇਦਾਦਾਂ ਦੀ ਦੇਖ-ਰੇਖ ਕਰਨਾ ਹੈ। ਦਿੱਲੀ ਗੁਰੂਦੁਆਰਾ ਐਕਟ ਮੁਤਾਬਿਕ ਦਿੱਲੀ ਗੁਰੂਦੁਆਰਾ ਕਮੇਟੀ ਨੂੰ ਇਕ ਨਿਰੋਲ ਧਾਰਮਿਕ ਸੰਸਥਾ ਵਜੋਂ ਐਲਾਨਿਆ ਗਿਆ ਹੈ । ਇਸੇ ਲਈ ਕਮੇਟੀ ਦੀ ਚੋਣਾਂ ‘ਚ ਕੇਵਲ ਧਾਰਮਿਕ ਪਾਰਟੀਆਂ ‘ਤੇ ਧੜ੍ਹੇ ਹੀ ਹਿੱਸਾ ਲੈ ਸਕਦੇ ਹਨ ‘ਤੇ ਇਸ 55 ਮੈਂਬਰੀ ਕਮੇਟੀ ‘ਚ ਧਾਰਮਿਕ ਪੱਖੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਮ੍ਰਿਤਸਰ ਸਾਹਿਬ ਦੇ ਇਕ ਨੁਮਾਇੰਦੇ ਤੋਂ ਇਲਾਵਾ ਚਾਰ ਤਖਤਾਂ ਦੇ ਜੱਥੇਦਾਰ ਸਾਹਿਬਾਨ ਦੀ ਨਾਮਜਦਗੀ ਦਾ ਜਿਕਰ ਕੀਤਾ ਗਿਆ ਹੈ। ਦਿੱਲੀ ਗੁਰੂਦੁਆਰਾ ਕਮੇਟੀ ਦੇ ਅਹੁਦੇਦਾਰਾਂ ‘ਤੇ ਮੈਂਬਰਾਂ ਪਾਸੋਂ ਵੀ ਇਹੀ ਆਸ ਲਗਾਈ ਜਾਂਦੀ ਹੈ ਕਿ ਉਹ ਸਿੱਖੀ ਸਿਧਾਂਤਾ ‘ਤੇ ਪਹਿਰਾ ਦਿੰਦਿਆਂ ਦਿੱਲੀ ਦੇ ਗੁਰੂਧਾਮਾਂ ‘ਤੇ ਅਦਾਰਿਆਂ ਦੀ ਸੇਵਾ ‘ਚ ਆਪਣਾ ਯੋਗਦਾਨ ਦੇਣ।

ਹਰ 4 ਸਾਲ ਬਾਦ ਹੋਣ ਵਾਲੀਆਂ ਦਿੱਲੀ ਗੁਰੂਦੁਆਰਾ ਕਮੇਟੀ ਦੀਆਂ ਆਮ ਚੋਣਾਂ ਸਰਕਾਰ ਵਲੋਂ ਬੀਤੇ 22 ਅਗਸਤ 2021 ਨੂੰ ਕਰਵਾਈ ਗਈਆਂ ਸਨ, ਜਿਸ ‘ਚ ਸ਼੍ਰੋਮਣੀ ਅਕਾਲੀ ਦਲ ਬਾਦਲ ਧੜ੍ਹੇ ਨੂੰ 27 ਸੀਟਾਂ ‘ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਰਨਾ ਧੜ੍ਹੇ ‘ਤੇ ਉਸ ਦੀ ਸਹਿਯੋਗੀ ਪਾਰਟੀਆਂ ਨੂੰ ਮਿਲਾ ਕੇ 19 ਸੀਟਾਂ ਮਿਲੀਆਂ ਸਨ। ਗੁਰੂਦੁਆਰਾ ਨਿਯਮਾਂ ਮੁਤਾਬਿਕ ਦਿੱਲੀ ਕਮੇਟੀ ਦੇ ਨਵੇਂ ਕਾਰਜਕਾਰੀ ਬੋਰਡ ਦੀਆਂ ਚੋਣਾਂ ਤੋਂ ਪਹਿਲਾਂ 9 ਮੈਂਬਰਾਂ ਨੂੰ ਨਾਮਜਦ ਕੀਤਾ ਜਾਂਦਾ ਹੈ ਜਿਸ ਲਈ ਦਿੱਲੀ ਸਰਕਾਰ ਦੇ ਗੁਰੂਦੁਆਰਾ ਚੋਣ ਡਾਇਰੈਕਟਰ ਵਲੋਂ ਬੀਤੇ ਦਿਨੀ ਦਿੱਲੀ ਦੇ ਵੱਖ-ਵੱਖ ਹਲਕਿਆਂ ਤੋਂ ਨਵੇਂ ਚੁਣੇ 46 ਮੈਂਬਰਾਂ ਦੀ ਮੀਟਿੰਗ ਸੱਦੀ ਗਈ ਸੀ, ਪਰੰਤੂ ਮੈਂਬਰਾਂ ਦੀ ਵੋਟਾਂ ਰਾਹੀ 2 ਮੈਂਬਰਾਂ ਦੀ ਨਾਮਜਦਗੀ ਹੋਣ ਤੋਂ ਉਪਰੰਤ ਇਹ ਮੀਟਿੰਗ ਕਿਸੀ ਕਾਰਨ ਮੁਲਤਵੀ ਕਰ ਦਿੱਤੀ ਗਈ, ਜਿਸ ਕਰਕੇ ਲਾਟਰੀ ਰਾਹੀ ਦਿੱਲੀ ਦੇ ਸਿੰਘ ਸਭਾ ਗੁਰੂਦੁਆਰਿਆਂ ਦੇ 2 ਪ੍ਰਧਾਨਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਨੁਮਾਇੰਦੇ ‘ਤੇ ਸਿੱਖਾਂ ਦੇ 4 ਤਖਤਾਂ ਦੇ ਜੱਥੇਦਾਰ ਸਾਹਿਬਾਨਾਂ ਨੂੰ ਨਾਮਜਦ ਨਹੀ ਕੀਤਾ ਜਾ ਸਕਿਆ ਸੀ। ਨਾਮਜਦਗੀ ਲਈ ਸੱਦੀ ਇਸ ਮੀਟਿੰਗ ਦੇ ਮੁਲਤਵੀ ਹੋਣ ਦੇ ਵਿਰੋਧ ‘ਚ ਬਾਦਲ ਧੜ੍ਹੇ ਨਾਲ ਸਬੰਧਿਤ ਦਿੱਲੀ ਗੁਰੂਦੁਆਰਾ ਕਮੇਟੀ ਦੇ ਕੁੱਝ ਮੈਂਬਰਾਂ ‘ਤੇ ਕਾਰਕੁੰਨਾਂ ਨੇ ਚੋਣ ਡਾਇਰੈਕਟਰ ਦੇ ਖਿਲਾਫ ਮੰਦੀ ਸ਼ਬਦਾਵਲੀ ਦਾ ਇਸਤੇਮਾਲ ਕਰਦਿਆਂ ਜੋਰਦਾਰ ਹੰਗਾਮਾ ‘ਤੇ ਨਾਰੇਬਾਜੀ ਕੀਤੀ, ਜਦਕਿ ਇਸ ਮਾਮਲੇ ਨੂੰ ਸ਼ਾਂਤਮਈ ਕਾਨੂੰਨੀ ਢੰਗ ਨਾਲ ਨਜਿਠਿਆ ਜਾ ਸਕਦਾ ਸੀ। ਇਸ ਮਾਮਲੇ ਨੇ ਉਦੋਂ ਹੋਰ ਖਤਰਨਾਕ ਮੋੜ੍ਹ ਲੈ ਲਿਆ ਜਦੋਂ ਬਾਦਲ ਦਲ ਦੇ ਚੁਣੇ ਇਕ ਮੈਂਬਰ ਆਤਮਾ ਸਿੰਘ ਲੁਬਾਣਾ ਨੇ ਪੁਲਿਸ ਸੁਰਖਿਆਂ ‘ਚ ਆਪਣੀ ਕਾਰ ‘ਚ ਬੈਠ ਰਹੇ ਚੋਣ ਡਾਇਰੈਕਟਰ ਨਰਿੰਦਰ ਸਿੰਘ ‘ਤੇ ਜੁੱਤੀ ਸੁੱਟ ਕੇ ਜਾਨਲੇਵਾ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਮਿਲੀ ਜਾਣਕਾਰੀ ਮੁਤ-ਾਬਿਕ ਚੋਣ ਡਾਇਰੈਕਟਰ ਵਲੋਂ ਗੈਰ-ਜਮਾਨਤੀ ਧਾਰਾਵਾਂ ਅਧੀਨ ਪੁਲਿਸ ‘ਚ ਐਫ.ਆਈ.ਆਰ. ਵੀ ਲਿਖਵਾਈ ਗਈ, ਜਿਸ ‘ਚ ਹੋਰਨਾਂ ਤੋਂ ਇਲਾਵਾ ਦਿੱਲੀ ਕਮੇਟੀ ਦੇ ਮੋਜੂਦਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵਲੋਂ ਜਾਨ ਤੋਂ ਮਾਰਨ ਦੀ ਧਮਕੀ ਤੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਵਲੋਂ ਭੀੜ੍ਹ ਨੂੰ ਭੜ੍ਹਕਾਉਣ ‘ਤੇ ਧਮਕੀਆਂ ਦੇਣ ਤੋਂ ਇਲਾਵਾ ਕਮੇਟੀ ਮੈਂਬਰ ਆਤਮਾ ਸਿੰਘ ਲੁਭਾਣਾ ‘ਤੇ ਜੁੱਤੀ ਸੁੱਟ ਕੇ ਜਾਨਲੇਵਾ ਹਮਲਾ ਕਰਨ ਦੇ ਦੋਸ਼ ਲਗਾਏ ਹਨ। ਪੁਲਿਸ ਵਲੋਂ ਲਾਈਆਂ ਧਾਰਾਵਾਂ ਦੇ ਮੁਤਾਬਿਕ ਦੋਸ਼ੀ ਮੈਂਬਰਾਂ ਨੂੰ ਪੰਜ ਸਾਲ ਦੀ ਸਜਾ ਤੋਂ ਇਲਾਵਾ ਉਨ੍ਹਾਂ ਦੀ ਮੈਂਬਰਸ਼ਿਪ ਵੀ ਰੱਦ ਹੋ ਸਕਦੀ ਹੈ। ਸਿੱਖਾਂ ਵਲੋਂ ਹੀ ਇਕ ਆਲਾ ਸਿੱਖ ਅਫਸਰ ਦੀ ਪੱਗ ਨੂੰ ਰੋਲਣ ਦੀ ਘਟਨਾ ਸਿੱਖ ਪੰਥ ਲਈ ਬਹੁਤ ਵੱਡਾ ਦੁਖਾਂਤ ਹੈ, ਜੋ ਇਕ ਪੰਥਕ ਪਾਰਟੀ ਦੇ ਨੁਮਾਇੰਦਿਆਂ ਨੂੰ ਸ਼ੋਭਾ ਨਹੀ ਦਿੰਦਾ ਹੈ, ਕਿਉਂਕਿ ਸਿੱਖੀ ਸਿਧਾਂਤ ਇਸ ਪ੍ਰਕਾਰ ਦੀਆਂ ਹਰਕਤਾਂ ਦੀ ਇਜਾਜਤ ਨਹੀ ਦਿੰਦੇ ਹਨ। ਮਿਲੀ ਜਾਣਕਾਰੀ ਮੁਤਾਬਿਕ ਬਾਦਲ ਧੜ੍ਹੇ ਵਲੋਂ ਵੀ ਦਿੱਲੀ ਗੁਰੂਦੁਆਰਾ ਚੋਣ ਡਾਇਰੈਕਟਰ ਦੇ ਖਿਲਾਫ ਸ਼ਿਕਾਇਤਾਂ ‘ਤੇ ਅਦਾਲਤਾਂ ‘ਚ ਮੁਕੱਦਮੇ ਦਾਖਿਲ ਕਰਨ ਦੀਆਂ ਕਨਸੋਹਾਂ ਮਿਲ ਰਹੀਆਂ ਹਨ। ਸਿੱਖਾਂ ਵਲੋਂ ਹੀ ਇਕ ਸਿੱਖ ਅਫਸਰ ਦੇ ਖਿਲਾਫ ਮੰਦੀ ਸ਼ਬਦਾਵਲੀ ਵਰਤਣਾ, ਉਸ ਅਫਸਰ ‘ਤੇ ਜਾਨਲੇਵਾ ਹਮਲਾ ਕਰਨਾ ‘ਤੇ ਫਿਰ ਸ਼ਿਕਾਇਤਾਂ ‘ਤੇ ਕੇਸ ਦਾਇਰ ਕਰਨ ਦੀ ਖਬਰਾਂ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਢੂੰਗੀ ਠੇਸ ਪਹੁੰਚੀ ਹੈ, ਜਦਕਿ ਦਿੱਲੀ ਦੀ ਇਸ ਨਿਰੋਲ ਪੰਥਕ ਸੰਸਥਾਂ ਦੇ ਚੁਣੇ ਗਏ ਨੁਮਾਇੰਦਿਆਂ ਨੂੰ ਕਾਨ੍ਹੂੰਨ ਹੱਥ ‘ਚ ਨਹੀ ਲੈਣਾ ਚਾਹੀਦਾ ਸੀ, ਬਲਕਿ ਚੰਗੀ ਸੋਝੀ ਦਾ ਪ੍ਰਗਟਾਵਾ ਕਰਦੇ ਹੋਏ ਇਸ ਮਾਮਲੇ ਨੂੰ ਸ਼ਾਂਤਮਈ ਢੰਗ ਨਾਲ ਨਜਿਠਣਾ ਚਾਹੀਦਾ ਸੀ। ਇਸ ਸਾਰੇ ਭੰਬਲਭੂਸੇ ਨਾਲ ਜਿੱਥੇ ਨਾਮਜਦਗੀ ਪ੍ਰਕਿਆ ਨੂੰ ਪੂਰਾ ਕਰਨ ‘ਚ ਕੁੱਝ ਹੋਰ ਸਮਾਂ ਲਗ ਸਕਦਾ ਹੈ, ਉਥੇ ਦਿੱਲੀ ਗੁਰੂਦੁਆਰਾ ਕਮੇਟੀ ਦੇ ਨਵੇਂ ਕਾਰਜਕਾਰੀ ਬੋਰਡ ਦੇ ਗਠਨ ‘ਚ ਵੀ ਦੇਰੀ ਹੋ ਸਕਦੀ ਹੈ, ਜੋ ਸੰਵਿਧਾਨਿਕ ਤੋਰ ‘ਤੇ ਜਾਇਜ ਨਹੀ ਹੋਵੇਗਾ। ਇਸ ਤੋਂ ਇਲਾਵਾਂ ਕੁੱਝ ਜੇਤੂ ਉਮੀਦਵਾਰਾਂ ਦੀ ਮੈਂਬਰਸ਼ਿਪ ਰੱਦ ਕਰਵਾਉਣ ਲਈ ਵੱਖ-ਵੱਖ ਉਮੀਦਵਾਰਾਂ ਵਲੋਂ ਅਦਾਲਤਾਂ ‘ਚ ਦਾਖਿਲ ਕੀਤੀਆਂ ਇਕ ਦਰਜਨ ਦੇ ਕਰੀਬ ਚੋਣ ਪਟੀਸ਼ਨਾਂ ਦਿੱਲੀ ਕਮੇਟੀ ਦੇ ਕੰਮ-ਕਾਜ ਨੂੰ ਲੰਬੇ ਸਮੇਂ ਤਕ ਪ੍ਰਭਾਵਿਤ ਕਰ ਸਕਦੀਆਂ ਹਨ।

*ਇੰਦਰ ਮੋਹਨ ਸਿੰਘ,*
*ਦਿੱਲੀ ਗੁਰੂਦੁਆਰਾ*
*ਮਾਮਲਿਆਂ ਦੇ ਮਾਹਿਰ*
*ਮੋਬਾਇਲ: 9971564801*

## ਪ੍ਰੇਮੀ ਜੋੜੇ ਵਿੱਚ ਲੜਕੀ ਨਾਬਾਲਗ਼ ਵੀ ਹੈ ਤਾਂ ਸੁਰੱਖਿਆ ਦੇਣ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ: ਹਾਈ ਕੋਰਟ




ਚੰਡੀਗੜ੍ਹ, 13 (ਪੋਸਟ ਬਿਊਰੋ)- ਆਪਸੀ ਸਹਿਮਤੀ ਨਾਲ ਇਕੱਠੇ ਰਹਿੰਦੇ ਪ੍ਰੇਮੀ ਜੋੜੇ ਦੀ ਸੁਰੱਖਿਆ ਬਾਰੇ ਪਟੀਸ਼ਨ ਦਾ ਨਿਬੇੜਾ ਕਰਦੇ ਹੋਏ ਪੰਜਾਬਅਤੇ ਹਰਿਆਣਾ ਹਾਈ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਲੜਕੀ ਦੀ ਉਮਰ ਵਿਆਹ ਯੋਗ ਹੋਣ ਦੇ ਆਧਾਰ ਉੱਤੇ ਜੋੜੇ ਨੂੰ ਸੁਰੱਖਿਆ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਪੰਜਾਬ ਦੇ ਸੰਗਰੂਰ ਦੇ ਵਾਸੀ ਪ੍ਰੇਮੀ ਜੋੜੇ ਨੇ ਹਾਈ ਕੋਰਟ ਵਿੱਚਅਰਜ਼ੀਪੇਸ਼ ਕਰ ਕੇ ਸੁਰੱਖਿਆ ਦੀ ਮੰਗ ਕੀਤੀ ਸੀ। ਇਸ ਜੋੜੇ ਨੇ ਦੱਸਿਆ ਕਿ ਜੇ ਉਨ੍ਹਾਂ ਨੂੰ ਸੁਰੱਖਿਆ ਨਾ ਦਿੱਤੀ ਗਈ ਤਾਂ ਹੋ ਸਕਦਾ ਹੈ ਕਿ ਉਨ੍ਹਾਂ ਦੇ ਪਰਵਾਰਕ ਮੈਂਬਰ ਉਨ੍ਹਾਂ ਨੂੰ ਜਾਨੋਂ ਮਾਰ ਦੇਣ। ਸੁਰੱਖਿਆ ਦੀ ਮੰਗ ਬਾਰੇ ਉਨ੍ਹਾਂ ਸੰਗਰੂਰ ਦੇ ਐਸ ਐਸ ਪੀ ਨੂੰ ਵੀ ਅਪੀਲ ਕੀਤੀ, ਪਰ ਕੋਈ ਫ਼ਾਇਦਾ ਨਹੀਂ ਹੋਇਆ। ਜੋੜੇ ਨੇ ਦੱਸਿਆ ਕਿ ਲੜਕੇ ਦੀ ਉਮਰ ਵਿਆਹ ਯੋਗ ਹੈ, ਪਰ ਲੜਕੀ 17 ਸਾਲ 10 ਮਹੀਨੇ ਦੀ ਹੈ ਅਤੇਜਦੋਂ ਉਸ ਦੀ ਉਮਰ ਵਿਆਹ ਯੋਗ ਹੋ ਜਾਵੇਗੀ, ਉਹ ਦੋਵੇਂ ਵਿਆਹ ਕਰ ਲੈਣਗੇ।ਹਾਈ ਕੋਰਟ ਨੇ ਕਿਹਾ ਕਿ ਸੰਵਿਧਾਨ ਜੀਵਨ ਅਤੇ ਸੁਰੱਖਿਆ ਦਾ ਅਧਿਕਾਰ ਦਿੰਦਾ ਹੈ, ਜੋ ਹਰ ਨਾਗਰਿਕ ਲਈ ਬਰਾਬਰ ਹੈ ਅਤੇ ਕਾਨੂੰਨ ਦੀ ਤੈਅ ਪ੍ਰਕਿਰਿਆ ਅਨੁਸਾਰ ਹੀ ਇਸ ਵਿੱਚ ਕਟੌਤੀ ਹੋ ਸਕਦੀ ਹੈ। ਇਸ ਕੇਸ ਵਿੱਚ ਲੜਕੀ ਦੀ ਉਮਰ ਵਿਆਹ ਯੋਗ ਨਹੀਂ, ਪਰ ਇਹ ਉਸ ਨੂੰ ਸੁਰੱਖਿਆ ਨਾ ਦੇਣ ਦਾ ਆਧਾਰ ਨਹੀਂ ਹੋ ਸਕਦਾ। ਕੋਰਟ ਨੇ ਇਸ ਦੇ ਨਾਲ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਸੰਗਰੂਰ ਦੇ ਐਸ ਐਸ ਪੀ ਨੂੰ ਪ੍ਰੇਮੀ ਜੋੜੇ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਹੁਕਮ ਦਿੱਤਾ ਹੈ।

## ਫਰਜ਼ੀ ਮੈਟਰੀਮੋਨੀਅਲ ਸਾਈਟ ਚਲਾਉਂਦੇ ਠੱਗ ਨੂੰ ਸਾਈਬਰ ਸੈਲ ਨੇ ਦਬੋਚਿਆ

ਲੁਧਿਆਣਾ, 13 ਸਤੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਈਬਰ ਸੈਲ ਦੀ ਟੀਮ ਨੇ ਫਰਜ਼ੀ ਮੈਰਿਜ ਬਿਊਰੋ ਦਾ ਪਰਦਾ ਫਾਸ਼ ਕਰ ਕੇ ਦੋਸ਼ੀ ਨੂੰ 11 ਮੋਬਾਈਲ, 77 ਸਿਮ ਕਾਰਡ ਅਤੇ ਦੋ ਲੈਪਟਾਪ ਨਾਲ ਗ੍ਰਿਫਤਾਰ ਕੀਤਾ ਹੈ। ਦੋਸ਼ੀ ਦੀ ਪਛਾਣ ਸਿਵਲ ਲਾਈਨਸ ਵਾਸੀ ਲਲਿਤ ਕੁਮਾਰ ਵਜੋਂ ਹੋਈ ਹੈ।

ਇਸ ਬਾਰੇ ਸਾਈਬਰ ਸੈਲ ਦੇ ਸਬ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀ ਨੇ ਸ਼ਾਦੀ ਰਿਸ਼ਤੇ ਡਾਟ ਕਾਮ ਦੇ ਨਾਮ ਉਤੇ ਵੈਬਸਾਈਟ ਬਣਾਈ ਸੀ, ਜੋ ਲੋਕ ਆਪਣੇ ਲੜਕਿਆਂ ਤੇ ਲੜਕੀਆਂ ਦੇ ਰਿਸ਼ਤੇ ਲਈ ਅਖਬਾਰਾਂ ਵਿੱਚ ਇਸ਼ਤਿਹਾਰ ਦਿੰਦੇ ਸਨ। ਉਨ੍ਹਾਂ ਲੋਕਾਂ ਨਾਲ ਇਹ ਦੋਸ਼ੀ ਸੰਪਰਕ ਕਰ ਕੇ ਰਿਸ਼ਤੇ ਕਰਵਾਉਣ ਦਾ ਦਾਅਵਾ ਕਰਦਾ ਸੀ ਅਤੇ ਉਸ ਦੇ ਬਦਲੇ ਲੋਕਾਂ ਤੋਂ ਫੀਸ ਵਸੂਲ ਕੇ ਉਨ੍ਹਾਂ ਨੂੰ ਧੋਖੇ ਦਾ ਸ਼ਿਕਾਰ ਬਣਾਉਂਦਾ ਸੀ।

## ਜਲ੍ਹਿਆਂਵਾਲਾ ਬਾਗ਼ ਦੇ ਨਵੀਨੀਕਰਨ ਤੋਂ ਸ਼ਹੀਦਾਂ ਦੇ ਪਰਵਾਰ ਨਾਰਾਜ਼



ਚੰਡੀਗੜ੍ਹ, 13 (ਪੋਸਟ ਬਿਊਰੋ)- ਜਲ੍ਹਿਆਂਵਾਲਾ ਬਾਗ਼ ਦਾ ਨਵੀਨੀਕਰਨ ਅਜੇ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਬਾਰੇ ਸ਼ਹੀਦਾਂ ਦੇ ਪਰਵਾਰ ਬਹੁਤ ਨਾਰਾਜ਼ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਸੁੰਦਰੀਕਰਨ ਦੇ ਪਰਦੇਹੇਠ ਸ਼ਹੀਦਾਂ ਨਾਲ ਜੁੜੀਆਂ ਨਿਸ਼ਾਨੀਆਂ ਨਾਲ ਛੇੜਛਾੜ ਕੀਤੀ ਗਈ ਹੈ। ਸ਼ਹੀਦ ਊਧਮ ਸਿੰਘ ਦਾ ਬੁੱਤ ਬਦਲ ਦਿੱਤਾ ਗਿਆ ਹੈ ਤੇਜਿਸ ਤੰਗ ਗਲੀ ਵਿੱਚੋਂ ਜਨਰਲ ਡਾਇਰ ਬਾਗ਼ ਵਿੱਚ ਦਾਖ਼ਲ ਹੋਇਆ ਅਤੇ ਨਿਹੱਥੇ ਲੋਕਾਂ ਉੱਤੇ ਗੋਲੀਆਂ ਚਲਾਈਆਂ, ਉਸ ਗਲੀ ਨੂੰ ਗੈਲਰੀ ਵੀ ਬਣਾਇਆ ਗਿਆ ਹੈ। 13 ਅਪ੍ਰੈਲ 1919 ਨੂੰ ਹੋਈ ਇਸ ਗੋਲੀਬਾਰੀ ਵਿੱਚ ਛੇ ਸਾਲ ਦੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤਕ ਇੱਕ ਹਜ਼ਾਰ ਤੋਂ ਵੱਧ ਲੋਕ ਸ਼ਹੀਦ ਹੋਏ ਸਨ।

ਇਸ ਖੂਨੀ ਸਾਕੇ ਦੇ 100 ਸਾਲ ਪੂਰੇ ਹੋਣ ਉੱਤੇਭਾਰਤ ਸਰਕਾਰ ਨੇ 20 ਕਰੋੜ ਖ਼ਰਚ ਕੇ ਇਸ ਨੂੰ ਨਵੀਂ ਦਿੱਖ ਦਿੱਤੀ ਹੈ, ਪਰ ਭਾਵਨਾਤਮਕ ਤੌਰ ਉੱਤੇ ਇਸ ਨਾਲ ਜੁੜੇ ਲੋਕ ਇਸ ਤਬਦੀਲੀ ਨੂੰ ਪਸੰਦ ਨਹੀਂ ਕਰਦੇ। ਪਹਿਲਾਂ ਊਧਮ ਸਿੰਘ ਦਾ ਬੁੱਤ ਹੱਥ ਵਿੱਚ ਪਿਸਤੌਲ ਵਾਲਾ, ਜੋ ਮੁਰੰਮਤ ਪਿੱਛੋਂ ਹੱਥ ਫੈਲਾਉਂਦਾ ਦਿਖਾਇਆ ਗਿਆ ਹੈ। ਇਸ ਸਮਾਰਕ ਦੇ ਨਵੀਨੀਕਰਨ ਦੌਰਾਨ ਉਹ ਗਲੀ ਵੀ ਬਦਲ ਦਿੱਤੀ ਗਈ ਹੈ, ਜਿੱਥੋਂ ਲੋਕ ਬਾਗ਼ ਵਿੱਚ ਜਾਂਦੇ ਸਨ। ਪਹਿਲਾਂ ਦੋਵਾਂ ਪਾਸਿਆਂ ਉੱਤੇਸਿਰਫ਼ ਸਾਧਾਰਨ ਅਤੇ ਖਾਲੀ ਕੰਧਾਂ ਸਨ, ਨਵੀਂ ਦਿੱਖ ਵਿੱਚ ਇਹ ਕੰਧਾਂ ਪੇਂਟ ਕੀਤੀਆਂ ਗਈਆਂ ਤੇ ਅਜਿਹੇ ਚਿੱਤਰ ਉਕਰੇ ਗਏ ਹਨ, ਜਿਨ੍ਹਾਂ ਵਿੱਚ ਬਹੁਤ ਸਾਰੇ ਚਿਹਰੇ ਹੱਸਦੇ ਤੇ ਮੁਸਕਰਾਉਂਦੇ ਦਿਖਾਈ ਦੇ ਰਹੇ ਹਨ। ਪਹਿਲਾਂ ਸੈਲਾਨੀ ਜਦੋਂ ਜਲ੍ਹਿਆਂਵਾਲਾ ਬਾਗ਼ ਵਿੱਚ ਦਾਖ਼ਲ ਹੁੰਦੇ ਸਨ ਤਾਂ ਨਿਰਦੋਸ਼ ਭਾਰਤੀਆਂ ਉੱਤੇ ਚਲਦੀਆਂ ਗੋਲੀਆਂ ਦੀ ਯਾਦਗਾਰ ਸਾਹਮਣੇ ਆ ਜਾਂਦੀ ਸੀ, ਪਰ ਨਵੀਂ ਦਿੱਖ ਵਿੱਚ ਇਸ ਬਾਰੇ ਜਾਣਕਾਰੀ ਦੇਣ ਲਈ ਚਾਰ ਵੱਖ-ਵੱਖ ਗੈਲਰੀਆਂ ਬਣਾਈਆਂ ਗਈਆਂ ਹਨ। ਇਨ੍ਹਾਂ ਵਿੱਚੋਂ ਇੱਕ ਵਿੱਚ ਡਾਕੂਮੈਂਟਰੀ ਰਾਹੀਂ ਹਿੰਦੀ ਤੇ ਪੰਜਾਬੀ ਵਿੱਚ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਨਾਲ ਹੀ ਇੱਥੇ ਇੱਕ ਲਾਈਟ ਐਂਡ ਸਾਊਂਡ ਸ਼ੋਅ ਸ਼ੁਰੂ ਕੀਤਾ ਗਿਆ ਹੈ ਜਿਸ ਦੀ ਸੋਸ਼ਲ ਮੀਡੀਆ ਉੱਤੇ ਕਾਫ਼ੀ ਆਲੋਚਨਾ ਹੋਈ ਹੈ। ਲੋਕ ਕਹਿ ਰਹੇ ਹਨ ਕਿ ਅਜਿਹੇ ਸਮਾਰਕ ਵਿੱਚ ਲਾਈਟ ਐਂਡ ਸਾਊਂਡ ਸ਼ੋਅ ਨਹੀਂ ਹੋਣਾ ਚਾਹੀਦਾ। ਕਤਲੇਆਮ ਦੀ ਇਸ ਯਾਦਗਾਰ ਨੂੰ ਏਅਰਪੋਰਟ ਜਾਂ ਹੋਟਲ ਲਾਬੀ ਜਾਂ ਮਨੋਰੰਜਨ ਪਾਰਕ ਵਾਂਗ ਬਣਾਉਣਾ ਵੀ ਉਚਿਤ ਨਹੀਂ ਹੈ।

## 10,151 ਦਲਿਤ ਨੌਜਵਾਨਾਂ ਦਾ 41.48 ਕਰੋੜ ਰੁਪਏ ਕਰਜ਼ਾ ਪੰਜਾਬ ਸਰਕਾਰ ਵੱਲੋਂ ਮੁਆਫ਼

ਚੰਡੀਗੜ੍ਹ, 13 ਸਤੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਇਸ ਰਾਜ ਦੇ 101,51 ਐਸ ਸੀ ਨੌਜਵਾਨਾਂ ਦੇ 50-50 ਹਜ਼ਾਰ ਦੇ ਕੁੱਲ 41.48 ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਗਏ ਹਨ। ਰਾਜ ਸਰਕਾਰ ਦੇ ਇਸ ਕਦਮ ਨਾਲ ਐਸ ਸੀ (ਸ਼ਡਿਊਲਡ ਕਾਸਟ) ਨੌਜਵਾਨਾਂ ਨੂੰ ਵੱਡੀ ਰਾਹਤ ਮਿਲੇਗੀ।

ਇਸ ਬਾਰੇ ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟਗਿਣਤੀਆਂ ਬਾਰੇ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਰਾਹੀਂ ਸੂਬੇ ਦੇ ਨੌਜਵਾਨਾਂ ਵੱਲੋਂ ਸਵੈ-ਰੋਜ਼ਗਾਰ ਵਾਸਤੇ ਲਏ ਹਰ ਤਰ੍ਹਾਂ ਦੇ ਕਰਜ਼ਿਆਂ ਵਿੱਚੋਂ 50-50 ਹਜ਼ਾਰ ਰੁਪਏ ਮੁਆਫ਼ ਕਰਨ ਦਾ ਫ਼ੈਸਲਾ ਕੀਤਾ ਹੈ।ਉਨ੍ਹਾਂ ਦੱਸਿਆ ਕਿ ਐਸ ਸੀ ਕਾਰਪੋਰੇਸ਼ਨ ਵੱਲੋਂ ਅਨੁਸੂਚਿਤ ਜਾਤੀ ਅਤੇ ਅਪਾਹਜਲੋਕਾਂ ਨੂੰ ਆਪਣਾ ਰੋਜ਼ਗਾਰ ਚਲਾਉਣ ਲਈ ਘੱਟ ਵਿਆਜ਼ ਦਰ ਉੱਤੇ ਕਰਜ਼ੇ ਦਿੱਤੇ ਜਾਂਦੇ ਹਨ,ਜਿਨ੍ਹਾਂ ਦੀ ਵਸੂਲੀ ਦਰ ਲੱਗਭਗ 77 ਫ਼ੀਸਦੀ ਹੈ। ਮੰਤਰੀ ਨੇ ਦੱਸਿਆ ਕਿ ਰਾਜ ਸਰਕਾਰ ਨੇ ਪਿਛਲੇ ਚਾਰ ਸਾਲਾਂ ਤੋਂ ਵੱਧ ਸਮੇਂ ਵਿੱਚ 8662 ਐਸ ਸੀ ਨੌਜਵਾਨਾਂ ਨੂੰ 8202.26 ਲੱਖ ਰੁਪਏ ਦੇ ਘੱਟ ਵਿਆਜ ਦਰ ਉੱਤੇ ਕਰਜ਼ੇ ਦਿੱਤੇ ਹਨ।

## ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦੇ ਦਿਸ਼ਾ ਬੋਰਡਾਂ ’ਤੇ ਪੋਚਾ ਫੇਰਿਆ




ਗੁਰੂਸਰ ਸੁਧਾਰ, 13 ਸਤੰਬਰ (ਪੋਸਟ ਬਿਊਰੋ)- ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦੇ ਨਾਮਕਰਨ ਦਾ ਮੁੱਦਾ ਕੱਲ੍ਹ ਓਦੋਂ ਫਿਰ ਚਰਚਾ ਵਿੱਚ ਆ ਗਿਆ, ਜਦੋਂ ਇਨਕਲਾਬ ਜ਼ਿੰਦਾਬਾਦ ਲਹਿਰ ਦੇ ਮੁਖੀ ਸੁਖਵਿੰਦਰ ਸਿੰਘ ਲੰਮੇ ਤੇ ਉਸ ਦੇ ਸਾਥੀਆਂ ਨੇ ਲੁਧਿਆਣਾ-ਬਠਿੰਡਾ ਰੋਡ ਉਤੇ ਪਿੰਡ ਹਲਵਾਰਾ ਲਾਗੇ ਦਿਸ਼ਾ ਬੋਰਡ ਉਪਰ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੇ ‘ਅੰਤਰਰਾਸ਼ਟਰੀ ਹਵਾਈ ਅੱਡਾ' ਉਪਰ ਕਾਲੇ ਪੇਂਟ ਦਾ ਪੋਚਾ ਫੇਰ ਦਿੱਤਾ।

ਵਰਨਣ ਯੋਗ ਹੈ ਕਿ ਸੁਖਵਿੰਦਰ ਸਿੰਘ ਲੰਮੇ ਵੱਲੋਂ ਸੋਸ਼ਲ ਮੀਡੀਆ ਉੱਤੇ ਪੋਸਟ ਪਾਉਣ ਮਗਰੋਂ ਥਾਣਾ ਸੁਧਾਰ ਦੀ ਪੁਲਸ ਹਰਕਤ ਵਿੱਚ ਆ ਗਈ ਅਤੇ ਸੁਖਵਿੰਦਰ ਸਿੰਘ ਲੰਮੇ, ਉਸ ਦੇ ਸਾਥੀ ਸੁੱਖ ਜਗਰਾਓਂ ਸਮੇਤ ਕੁਝ ਅਣਪਛਾਤਿਆਂ ਵਿਰੁੱਧ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਮੁਖੀ ਇੰਸਪੈਕਟਰ ਜਸਵੀਰ ਸਿੰਘ ਬੁੱਟਰ ਦੇ ਅਨੁਸਾਰ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ।ਸੁਖਵਿੰਦਰ ਸਿੰਘ ਹਲਵਾਰਾ ਅਤੇ ਉਸ ਦੇ ਸਾਥੀ ਪਿਛਲੇ ਲੰਮੇ ਅਰਸੇ ਤੋਂ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦਾ ਨਾਮ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਂਅ ਉੱਤੇ ਰੱਖਣ ਦੀ ਮੁਹਿੰਮ ਚਲਾ ਰਹੇ ਹਨ। ਕੱਲ੍ਹ ਉਸ ਨੇ ਆਪਣੇ ਸਾਥੀ ਸੁੱਖ ਜਗਰਾਓਂ ਅਤੇ ਹੋਰਨਾਂ ਦੀ ਮਦਦ ਨਾਲ ਦਿਸ਼ਾ ਸੂਚਕ ਬੋਰਡਾਂ ਉਪਰ ਕਾਲਖ ਫੇਰ ਦਿੱਤੀ ਅਤੇ ਬੋਰਡ ਦੇ ਹੇਠਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਨੂੰ ਦਰਸਾਉਂਦਾ ਇੱਕ ਫਲੈਕਸ ਟੰਗ ਦਿੱਤਾ। ਉਨ੍ਹਾਂ ਮੌਕੇ ਉੱਤੇ ਨਾਅਰੇਬਾਜ਼ੀ ਕਰ ਕੇ ਲੋਕਾਂ ਦਾ ਧਿਆਨ ਵੀ ਆਪਣੇ ਵੱਲ ਖਿੱਚਿਆ। ਇਸ ਹਵਾਈ ਅੱਡੇ ਦੇ ਨਾਮ ਕਰਨ ਬਾਰੇ ਪਿੰਡ ਐਤੀਆਣਾ ਦੇ ਲੋਕਾਂ ਅਤੇ ਉਥੋਂ ਦੀ ਪੰਚਾਇਤ ਨੇ ਇਤਰਾਜ਼ ਕੀਤਾ ਸੀ। ਇਸ ਬਾਰੇ ਸਰਪੰਚ ਲਖਵੀਰ ਸਿੰਘ ਨੇ ਕਿਹਾ ਕਿ ਉਹ ਅਜਿਹੀ ਕਾਰਵਾਈ ਦੀ ਥਾਂ ਕਾਨੂੰਨੀ ਚਾਰਾਜ਼ੋਈ ਦੇ ਹੱਕ ਵਿਚ ਹਨ। ਪੁਲਸ ਪ੍ਰਸ਼ਾਸਨ ਦੇ ਕਹਿਣ ਪਿੱਛੋਂ ਪਿੰਡ ਹਲਵਾਰਾ ਦੇ ਸਰਪੰਚ ਹਰਜਿੰਦਰ ਸਿੰਘ ਨਿੱਕਾ ਨੇ ਦਿਸ਼ਾ ਬੋਰਡ ਉਪਰ ਫੇਰਿਆ ਪੋਚਾ ਸਾਫ ਕਰਵਾ ਦਿੱਤਾ ਹੈ।

## ਜ਼ਹਿਰੀਲੀ ਸ਼ਰਾਬ ਮਾਮਲੇ ’ਤੇ ਕਾਂਗਰਸ ਆਗੂ ਸ਼ਮਸ਼ੇਰ ਸਿੰਘ ਦੂਲੋਂ ਨੇ ਆਪਣੀ ਹੀ ਸਰਕਾਰ ਘੇਰੀ

*** ਦੋਸ਼ੀਆਂ ਦੇ ਖਿਲਾਫ ਕਾਰਵਾਈ ਲਈ 20 ਦਿਨਾਂ ਦਾ ਅਲਟੀਮੇਟਮ**

ਅੰਮ੍ਰਿਤਸਰ, 13 ਸਤੰਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋਂ ਨੇ ਆਪਣੀ ਹੀ ਕਾਂਗਰਸ ਪਾਰਟੀ ਸਰਕਾਰ ਉੱਤੇਨਸ਼ਿਆਂ ਦੇ ਧੰਦੇ ਨੂੰ ਸ਼ਹਿਰ ਦੇਣ ਦਾ ਦੋਸ਼ ਲਾਉਂਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਲਟੀਮੇਟਮ ਦਿੱਤਾ ਹੈ ਕਿ ਉਹ ਜ਼ਹਿਰੀਲੀ ਸ਼ਰਾਬ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ।

ਕੱਲ੍ਹ ਇੱਥੇ ਹਾਲ ਗੇਟ ਦੇ ਬਾਹਰ ਗੁਰੂ ਰਵਿਦਾਸ ਮੰਦਰ ਵਿੱਚ ਇੱਕ ਹਾਲ ਦਾ ਉਦਘਾਟਨ ਕਰਨ ਆਏ ਸ਼ਮਸ਼ੇਰ ਸਿੰਘ ਦੂਲੋ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਮਾਫੀਆ ਅਤੇ ਘੁਟਾਲਿਆਂ ਦੀ ਸਰਕਾਰ ਕਰਾਰ ਦਿੰਦਿਆਂ ਕਿਹਾ ਕਿ ਇਹ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਦਲਿਤ ਭਾਈਚਾਰੇ ਦੇ ਹਿੱਤਾਂ ਨੂੰ ਖਾਸ ਕਰ ਕੇ ਵਧੇਰੇ ਅਣਡਿੱਠ ਕੀਤਾ ਗਿਆ ਹੈ। ਜੁਲਾਈ 2020 ਵਿੱਚ ਅੰਮ੍ਰਿਤਸਰ, ਗੁਰਦਾਸਪੁਰ ਤੇ ਤਰਨ ਤਾਰਨ ਜ਼ਿਲ੍ਹਿਆਂ ਵਿੱਚ ਨਕਲੀ ਸ਼ਰਾਬ ਨਾਲ ਹੋਈਆਂ ਮੌਤਾਂ ਦਾ ਜ਼ਿਕਰ ਬਾਰੇ ਉਨ੍ਹਾਂ ਦੋਸ਼ ਲਾਇਆ ਕਿ ਇਸ ਕੇਸ ਵਿੱਚ ਸਰਕਾਰ ਨੇ ਅਸਲ ਜ਼ਿੰਮੇਵਾਰਾਂ ਦੇ ਖਿਲਾਫ ਕੋਈ ਵਿਸ਼ੇਸ਼ ਕਾਰਵਾਈ ਨਹੀਂ ਕੀਤੀ। ਵਰਨਣ ਯੋਗ ਹੈ ਕਿ ਇਸ ਦੁਖਾਂਤ ਵਿੱਚ 100 ਤੋਂ ਵੱਧ ਲੋਕ ਮਾਰੇ ਗਏ ਅਤੇ ਕਈਆਂ ਦੀ ਨਜ਼ਰ ਚਲੀ ਗਈ ਸੀ। ਦੂਲੋਂ ਨੇ ਦੋਸ਼ ਲਾਇਆ ਕਿ ਸਰਕਾਰ ਦੇ ਮੰਤਰੀਆਂ ਤੇ ਪੁਲਸ ਦੀ ਮਿਲੀਭੁਗਤ ਕਾਰਨਸ਼ਰਾਬ ਮਾਫੀਆ ਚਲਾਉਣ ਵਾਲੇ ਅਸਲ ਦੋਸ਼ੀ ਹਾਲੇ ਤੱਕ ਗ੍ਰਿਫਤਾਰੀ ਤੋਂ ਦੂਰ ਹਨ। ਉਨ੍ਹਾਂ ਕਿ ਜੇ 15 ਤੋਂ 20 ਦਿਨਾਂ ਵਿੱਚ ਜ਼ਹਿਰੀਲੀ ਸ਼ਰਾਬ ਕਾਂਡ ਦੇ ਦੋਸ਼ੀਆਂ ਖਿਲਾਫ ਕੇਸ ਦਰਜ ਨਾ ਕੀਤੇ ਤਾਂ ਉਹ ਮੁੱਖ ਮੰਤਰੀ ਦੀ ਚੰਡੀਗੜ੍ਹ ਵਾਲੀ ਰਿਹਾਇਸ਼ ਦੇ ਬਾਹਰ ਧਰਨਾ ਦੇਣ ਤੋਂ ਗੁਰੇਜ਼ ਨਹੀਂ ਕਰਨਗੇ।

NEED A LAWYER ??

KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca



Priti LAMBA
Etobicoke North
416.748.3582
info@pritilamba.ca
www.pritilamba.ca
Authorized by the Official Agent for Priti Lamba

CANADA'S RECOVERY PLAN

1. SECURE JOBS
by recovering the 1 million jobs lost during the pandemic within one year.

2. SECURE ACCOUNTABILITY
by enacting a new Anti-Corruption law to clean up the mess in Ottawa.

3. SECURE MENTAL HEALTH
through our Canada Mental Health Action Plan.

4. SECURE THE COUNTRY
by creating a strategic stockpile of essential products and building the capacity to manufacture vaccines at home.

5. SECURE OUR ECONOMY
by balancing the budget over the next decade.

Conservatives will implement CANADA'S RECOVERY PLAN to SECURE THE FUTURE for GTA families.

SECURE THE FUTURE

# ਬਿਹਾਰ ਦੇ ਭਾਗਲਪੁਰ ਵਿੱਚ ਕੁੜੀਆਂ ਦੇ ਹੋਸਟਲ ਵਿੱਚ ਬੁਰਕਾ ਪਾਉਣ ਦਾ ਫਰਮਾਨ ਜਾਰੀ



ਭਾਗਲਪੁਰ, 13 ਸਤੰਬਰ (ਪੋਸਟ ਬਿਊਰੋ)- ਬਿਹਾਰ ਦੇ ਭਾਗਲਪੁਰ ਵਿੱਚ ਕੁੜੀਆਂ ਦੇ ਇੱਕ ਹੋਸਟਲ ਵਿੱਚ ਘੱਟ ਗਿਣਤੀ ਭਾਈਚਾਰੇ ਦੀਆਂ ਕੁੜੀਆਂ ਲਈ ਬੁਰਕਾ ਪਾਉਣ ਦਾ ਫਰਮਾਨ ਜਾਰੀ ਹੋਇਆ ਹੈ। ਇਸ ਬਾਰੇ ਵਿਦਿਆਰਥਣਾਂ ਨੇ ਹੋਸਟਲ ਦੇ ਕੰਪਲੈਕਸ ਵਿੱਚ ਭਾਰੀ ਹੰਗਾਮਾ ਕੀਤਾ ਅਤੇ ਹੋਸਟਲ ਦੇ ਸੁਪਰਡੈਂਟ ਉੱਤੇ ਕੈਂਪਸ ਅੰਦਰ ਬੁਰਕਾ ਪਹਿਨਣ ਦਾ ਫਰਮਾਨ ਜਾਰੀ ਕਰਨ ਲਈ ਨਾਰਾਜ਼ਗੀ ਪ੍ਰਗਟਾਈ। ਵਿਦਿਆਰਥਣਾਂ ਨੇ ਹੋਸਟਲ ਦੇ ਗੇਟ ਉੱਤੇ ਪਥਰਾਅ ਵੀ ਕੀਤਾ।

ਇਸ ਬਾਰੇ ਵਿਦਿਆਰਥਣ ਦਾ ਕਹਿਣਾ ਸੀ ਕਿ ਸ਼ਰੀਆ ਕਾਨੂੰਨ ਬਰਦਾਸ਼ਤ ਨਹੀਂ ਹੋਵੇਗਾ। ਇੱਕ ਲੜਕੀ ਨੇ ਕਿਹਾ ਕਿ 'ਮੈਂ ਜਦੋਂ ਪੈਂਟ ਪਾਉਂਦੀ ਹਾਂ ਤਾਂ ਸੁਪਰਡੈਂਟ ਗਾਲ੍ਹਾਂ ਕੱਢਦੀ ਹੈ। ਸਾਡੇ ਮਾਤਾ-ਪਿਤਾ ਨੂੰ ਸਾਡੇ ਬਾਰੇ ਗਲਤ ਸੂਚਨਾ ਦਿੱਤੀ ਜਾਂਦੀ ਅਤੇ ਕਿਹਾ ਜਾਂਦਾ ਹੈ ਕਿ ਅਸੀਂ ਮੁੰਡਿਆਂ ਨਾਲ ਗੱਲਾਂ ਕਰਦੀਆਂ ਹਾਂ।' ਉਕਤ ਰਿਸਰਚ ਸਕਾਲਰ ਵਿਦਿਆਰਥਣ ਨੇ ਕਿਹਾ ਕਿ ਬਿਹਾਰ ਵਿੱਚ ਗਰਮੀਆਂ ਦੇ ਮੌਸਮ ਵਿੱਚ ਬੁਰਕਾ ਪਾਉਣਾ ਸੰਭਵ ਨਾ ਹੋਣ ਕਾਰਨ ਅਸੀਂ ਕਈ ਵਾਰ ਕੰਪਲੈਕਸ ਅੰਦਰ ਪੈਂਟ-ਟੀ ਸ਼ਰਟ ਪਾ ਲੈਂਦੀਆਂ ਹਾਂ, ਜਦੋਂ ਸਾਡੀ ਸੁਪਰਡੈਂਟ ਸਾਨੂੰ ਅਜਿਹੇ ਪਹਿਰਾਵੇ ਵਿੱਚ ਦੇਖਦੀ ਹੈ ਤਾਂ ਸਾਨੂੰ ਝਾੜ ਪਾਉਂਦੀ ਹੈ। ਘਟਨਾ ਦੀ ਸੂਚਨਾ ਮਿਲਣ ਉੱਤੇ ਪੁਲਸ ਕੁੜੀਆਂ ਦੇ ਹੋਸਟਲ ਵਿੱਚ ਪੁੱਜੀ ਅਤੇ ਮਾਮਲੇ ਨੂੰ ਸੰਭਾਲਿਆ ਹੈ। ਦੂਸਰੇ ਪਾਸੇ ਸੁਪਰਡੈਂਟ ਨੇ ਵਿਦਿਆਰਥਣਾਂ ਵੱਲੋਂ ਆਪਣੇ ਉਪਰ ਲਾਏ ਦੋਸ਼ਾਂ ਨੂੰ ਰੱਦ ਕੀਤਾ ਹੈ। ਇਹ ਕੇਸ ਜ਼ਿਲ੍ਹਾ ਸਿੱਖਿਆ ਅਧਿਕਾਰੀ ਤਕ ਪਹੁੰਚ ਚੁੱਕਾ ਹੈ। ਸਰਕਲ ਅਫਸਰ ਨੇ ਕਿਹਾ ਕਿ ਅਸੀਂ ਵਿਦਿਆਰਥਣਾਂ ਅਤੇ ਸੁਪਰਡੈਂਟ ਦੇ ਬਿਆਨ ਲੈ ਲਏ ਅਤੇ ਅਗਲੀ ਜਾਂਚ ਕੀਤੀ ਜਾ ਰਹੀ ਹੈ। ਅਸੀਂ ਜਲਦੀ ਹੀ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੂੰ ਰਿਪੋਰਟ ਦੇਵਾਂਗੇ।

# ਆਮ ਆਦਮੀ ਪਾਰਟੀ ਉਤਰ ਪ੍ਰਦੇਸ਼ ਦੀਆਂ ਸਭ ਅਸੈਂਬਲੀ ਸੀਟਾਂ ਉਤੇ ਚੋਣਾਂ ਲੜੇਗੀ: ਸੰਜੈ ਸਿੰਘ



ਲਖਨਊ, 13 ਸਤੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਆਗੂ ਸੰਜੈ ਸਿੰਘ ਨੇ ਦੇ ਕੇ ਕਿਹਾ ਹੈ ਕਿ ਪਾਰਟੀ ਉਤਰ ਪ੍ਰਦੇਸ਼ਦੀਆਂ ਸਾਰੀਆਂ ਸੀਟਾਂ ਉੱਤੇ ਚੋਣ ਲੜ ਸਕਦੀ ਹੈ ਅਤੇ ਇਸ ਨੂੰ ਛੋਟੀ ਪਾਰਟੀ ਮੰਨਣਾ ਗਲਤੀ ਹੋਵੇਗੀ, ਕਿਉਂਕਿ ਇਹ ਪਿੱਛੇ ਜਿਹੇ ਪੰਚਾਇਤ ਚੋਣਾਂ ਵਿੱਚ ਕਾਂਗਰਸ ਤੋਂ ਵੱਧ ਮਜ਼ਬੂਤ ਹੋ ਕੇ ਉਭਰੀ ਹੈ।

ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਨੇ ਸਾਫ ਕੀਤਾ ਕਿ ਅਗਲੇ ਸਾਲ ਹੋਣ ਵਾਲੀਆਂ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ ਉਸ ਦੀ ਕਿਸੇ ਹੋਰ ਪਾਰਟੀ ਨਾਲ ਗਠਜੋੜ ਦੀ ਕੋਈ ਗੱਲਬਾਤ ਨਹੀਂ ਚੱਲ ਰਹੀ। ਸੰਜੈ ਸਿੰਘ, ਜੋ ਆਮ ਆਦਮੀ ਪਾਰਟੀ ਦੇ ਉਤਰ ਪ੍ਰਦੇਸ਼ ਇੰਚਾਰਜ ਹਨ, ਨੇ ਇੱਕ ਇੰਟਰਵਿਊ ਵਿੱਚ ਕਿਹਾ, "ਸੂਬੇ ਵਿੱਚ ਸਾਡੀ ਪਾਰਟੀ ਕਾਂਗਰਸ ਨਾਲੋਂ ਵੱਧ ਮਜ਼ਬੂਤ ਹੈ। ਪੰਚ-ਾਇਤ ਚੋਣਾਂ ਵਿੱਚ ਕਾਂਗਰਸ ਨੂੰ ਚਾਲੀ ਸੀਟਾਂ ਮਿਲੀਆਂ ਤੇ ਅਸੀਂ 83 ਸੀਟਾਂ ਉੱਤੇ ਜਿੱਤ ਹਾਸਲ ਕੀਤੀ। ਇਨ੍ਹਾਂ ਚੋਣਾਂ ਵਿੱਚ ਪਾਰਟੀ ਦੇ 1600 ਉਮੀਦਵਾਰ ਮੈਦਾਨ ਵਿੱਚ ਸਨ ਅਤੇ ਸਾਨੂੰ ਚਾਲੀ ਲੱਖ ਤੋਂ ਵੱਧ ਵੋਟਾਂ ਮਿਲੀਆਂ ਸਨ।" ਵਰਨਣ ਯੋਗ ਹੈ ਕਿ ਆਮ ਆਦਮੀ ਪਾਰਟੀ 2014 ਅਤੇ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਉਤਰ ਪ੍ਰਦੇਸ਼ ਵਿੱਚ ਕੁਝ ਚੋਣਵੀਆਂ ਸੀਟਾਂ ਉੱਤੇ ਕਿਸਮਤ ਅਜ਼ਮਾ ਚੁੱਕੀ ਹੈ, ਜਿੱਥੇ ਉਸ ਨੂੰ ਸਫਲਤਾ ਨਹੀਂ ਸੀ ਮਿਲੀ। ਦਿੱਲੀ ਵਿੱਚ ਸੱਤਾ ਵਿੱਚ ਆਉਣ ਮਗਰੋਂ ਪਾਰਟੀ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣ ਕੇ ਉਭਰੀ ਤੇ ਇਹ ਹੋਰ ਸੂਬਿਆਂ ਜਿਵੇਂ ਗੋਆ, ਉਤਰਾਖੰਡ ਅਤੇ ਗੁਜਰਾਤ ਆਦਿ ਵਿੱਚ ਆਧਾਰ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਸੰਜੈ ਸਿੰਘ ਨੇ ਕਿਹਾ, "ਅਸੀਂ ਸਾਰੀਆਂ 403 ਸੀਟਾਂ ਉੱਤੇ ਇਕੱਲੇ ਲੜਨ ਲਈ ਤਿਆਰ ਹੋ ਰਹੇ ਹਾਂ। ਇਸ ਸਮੇਂ ਅਸੀਂ ਗੱਠਜੋੜ ਲਈ ਕਿਸੇ ਪਾਰਟੀ ਨਾਲ ਗੱਲਬਾਤ ਨਹੀਂ ਕਰ ਰਹੇ। ਸਾਡਾ ਧਿਆਨ ਸੂਬੇ ਵਿੱਚ ਪਾਰਟੀ ਦਾ ਆਧਾਰ ਪੱਕਾ ਕਰਨ ਉੱਤੇ ਕੇਂਦਰਤ ਹੈ ਅਤੇ ਬੀਤੇ ਡੇਢ ਮਹੀਨੇ ਵਿੱਚ ਅਸੀਂ ਇੱਕ ਕਰੋੜ ਤੋਂ ਵੱਧ ਮੈਂਬਰ ਬਣਾਏ ਹਨ।"

# ਮਾਂ ਨੇ ਲੰਬੇ ਵਾਲ ਕੱਟਣ ਨੂੰ ਕਿਹਾ, ਇੰਜੀਨੀਅਰ ਬੇਟੇ ਨੇ ਖੁਦਕੁਸ਼ੀ ਕਰ ਲਈ

ਮੁਜ਼ੱਫਰਨਗਰ, 13 ਸਤੰਬਰ (ਪੋਸਟ ਬਿਊਰੋ)- ਮਾਂ ਨੇ ਜਦ ਲੰਬੇ ਵਾਲਾਂ ਨੂੰ ਛੋਟੇ ਕਰਾਉਣ ਲਈ ਕਿਹਾ ਤਾਂ ਇਕਲੌਤੇ 22 ਸਾਲਾ ਪੁੱਤਰ ਸ਼ਸ਼ਾਂਕ ਸ਼ੇਖਰ ਉਰਫ ਰੰਜਨ ਨੇ ਜੰਪਿੰਗ ਰੋਪ ਨਾਲ ਪੱਖੇ ਵਿੱਚ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ ਹੈ। ਇਹ ਘਟਨਾ ਖਬਰਾ ਰੋਡ ਦੇ ਰਾਮਪੁਰਹਰੀ ਨਿਵਾਸ ਵਿੱਚ ਕੱਲ੍ਹ ਸ਼ਾਮ ਵਾਪਰੀ ਹੈ। ਪਤਾ ਲੱਗਾ ਹੈ ਕਿ ਇਸ ਘਟਨਾ ਦੇ ਸਮੇਂ ਮਾਂ ਮਹਾਸ਼ਵੇਤਾ ਘੋਸ਼ ਅਤੇ ਭੈਣ ਸਕੂਟੀ ਦੀ ਸਰਵਿਸ ਕਰਾਉਣ ਗਈਆਂ ਸਨ। ਘਰ ਮੁੜਨ ਉੱਤੇ ਗੇਟ ਖੋਲ੍ਹਦੇ ਸਾਰ ਬੇਟੇ ਨੂੰ ਫਾਂਸੀ ਉਤੇ ਲਟਕਦੇ ਦੇਖਿਆ ਤਾਂ ਲੋਕਾਂ ਦੀ ਮਦਦ ਨਾਲ ਉਤਾਰ ਕੇ ਉਸ ਨੂੰ ਸਦਰ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

# ਸ਼੍ਰੀਨਗਰ ਵਿੱਚ ਗੋਲੀ ਮਾਰ ਕੇ ਪੁਲਸ ਅਧਿਕਾਰੀ ਦੀ ਹੱਤਿਆ



ਸ਼੍ਰੀਨਗਰ, 13 ਸਤੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਸ਼੍ਰੀਨਗਰ ਸ਼ਹਿਰ ਦੇ ਖਾਨਯਾਰ ਇਲਾਕੇ ਵਿੱਚ ਕੱਲ੍ਹ ਇੱਕ ਅੱਤਵਾਦੀ ਨੇ ਗੋਲੀ ਮਾਰ ਕੇ ਇੱਕ ਪੁਲਸ ਅਧਿਕਾਰੀ ਦੀ ਹੱਤਿਆ ਕਰ ਦਿੱਤੀ। ਮਾਰੇ ਗਏ ਪੁਲਸ ਮੁਲਾਜ਼ਮ ਦੀ ਪਛਾਣ ਐੱਸ ਆਈ ਅਰਸ਼ਿਦ ਅਹਿਮਦ ਮੀਰ ਵਾਸੀ ਕੁਲਮੁਨਾ (ਕੁਪਵਾੜਾ) ਵਜੋਂ ਹੋਈ ਹੈ।

ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਅੱਤਵਾਦੀ ਨੇ ਪੁਲਸ ਅਧਿਕਾਰੀ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਤਾਂ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਬਾਅਦ ਦੁਪਹਿਰ ਵਾਪਰੀਇਹ ਘਟਨਾ ਸੀ ਸੀ ਟੀ ਵੀ ਵਿੱਚ ਕੈਦ ਹੋ ਗਈ ਹੈ। ਅੱਤਵਾਦੀ ਖਾਨਯਾਰ ਬਾਜ਼ਾਰ ਵਿੱਚ ਪਿੱਛੋਂ ਬੇਹੱਦ ਨੇੜੇ ਆ ਕੇ ਪੁਲਸ ਅਧਿਕਾਰੀ ਉੱਤੇ ਦੋ ਵਾਰ ਫਾਇਰਿੰਗ ਕਰਦਾ ਨਜ਼ਰ ਪੈਂਦਾ ਹੈ। ਜੰਮੂ-ਕਸ਼ਮੀਰ ਪੁਲਸਦੇ ਮੁਖੀ ਦਿਲਬਾਗ ਸਿੰਘ ਨੇ ਦੱਸਿਆ ਕਿ ਘਟਨਾ ਲਈ ਜ਼ਿੰਮੇਵਾਰ ਅੱਤਵਾਦੀ ਅਤੇ ਉਸ ਦੇ ਸਾਥੀਆਂ ਦੀ ਪਛਾਣ ਹੋ ਗਈ ਹੈ। ਅੱਤਵਾਦੀਆਂ ਦੇ ਪਿਛਲੇ ਸਭ ਮਾਡਿਊਲ ਖ਼ਤਮ ਕਰ ਦਿੱਤੇ ਗਏ ਸਨ, ਲੱਗਦਾ ਹੈ ਕਿ ਉਨ੍ਹਾਂ ਨੇ ਇੱਕ ਨਵਾਂ ਗਰੁੱਪ ਬਣਾਇਆ ਹੈ।

# ਕਿਸੇ ਥਾਂ ਉਤੇ ਤਬਾਦਲੇ ਲਈ ਮੁਲਾਜ਼ਮ ਜ਼ੋਰ ਨਹੀਂ ਪਾ ਸਕਦੇ: ਸੁਪਰੀਮ ਕੋਰਟ



ਨਵੀਂ ਦਿੱਲੀ, 13 ਸਤੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਕਿ ਕੋਈ ਵੀ ਮੁਲਾਜ਼ਮ ਕਿਸੇ ਵਿਸ਼ੇਸ਼ ਥਾਂ ਉੱਤੇ ਤਬਾਦਲੇ ਲਈ ਦਬਾਅ ਨਹੀਂ ਪਾ ਸਕਦਾ ਅਤੇ ਲੋੜ ਮੁਤਾਬਕ ਸਟਾਫ ਨੂੰ ਤਬਦੀਲ ਕਰਨ ਦਾ ਫੈਸਲਾ ਰੁਜ਼ਗਾਰਦਾਤੇ ਦਾ ਹੋਵੇਗਾ। ਕੋਰਟ ਨੇ ਇਹ ਟਿੱਪਣੀਆਂ ਇੱਕ ਮਹਿਲਾ ਲੈਕਚਰਾਰ ਦੀ ਅਰਜ਼ੀ ਉੱਤੇ ਕੀਤੀਆਂ ਹਨ।

ਇਸ ਲੈਕਚਰਾਰ ਨੇ ਪਟੀਸ਼ਨ ਵਿੱਚ ਅਲਾਹਾਬਾਦ ਹਾਈ ਕੋਰਟ ਦੇ ਅਕਤੂਬਰ 2017 ਵਿੱਚ ਦਿੱਤੇ ਇੱਕ ਫੈਸਲੇ ਨੂੰ ਚੁਣੌਤੀ ਦਿੱਤੀ ਸੀ। ਅਸਲ ਵਿੱਚ ਇਸ ਲੈਕਚਰਾਰ ਨੇ ਸਬੰਧਤ ਅਥਾਰਟੀ ਕੋਲ ਅਮਰੋਹਾ ਤੋਂ ਗੌਤਮ ਬੁੱਧ ਨਗਰ ਵਿੱਚ ਤਬਾਦਲੇ ਲਈ ਆਪਣਾ ਪੱਖ ਰੱਖਿਆ ਸੀ, ਜਿਸ ਨੂੰ ਰੱਦ ਕਰ ਦਿੱਤਾ ਗਿਆ। ਅੱਗੋਂ ਹਾਈ ਕੋਰਟ ਨੇ ਵੀ ਇਸ ਫੈਸਲੇ ਨੂੰ ਚੁਣੌਤੀ ਦਿੰਦੀ ਪਟੀਸ਼ਨ ਰੱਦ ਕਰ ਦਿੱਤੀ ਸੀ। ਜਸਟਿਸ ਐਮ ਆਰ ਸ਼ਾਹ ਤੇ ਜਸਟਿਸ ਅਨਿਰੁੱਧ ਬੋਸ ਦੇ ਬੈਂਚ ਨੇ ਕਿਹਾ, "ਕਿਸੇ ਖਾਸ ਥਾਂ ਉੱਤੇ ਤਬਾਦਲਾ ਕਰਨ ਜਾਂ ਨਾ ਕਰਨ ਲਈ ਮੁਲਾਜ਼ਮ ਦਬਾਅ ਨਹੀਂ ਪਾ ਸਕਦਾ ਹੈ। ਇਹ ਰੁਜ਼ਗਾਰਦਾਤੇ ਦਾ ਅਧਿਕਾਰ ਖੇਤਰ ਹੈ ਅਤੇ ਉਹ ਆਪਣੀ ਲੋੜ ਮੁਤਾਬਕ ਕਿਸੇ ਵੀ ਮੁਲਾਜ਼ਮ ਨੂੰ ਤਬਦੀਲ ਕਰ ਸਕਦਾ ਹੈ।" ਪਟੀਸ਼ਨਰ ਮਹਿਲਾ ਲੈਕਚਰਾਰ ਨੇ ਕਿਹਾ ਕਿ ਉਹ ਅਮਰੋਹਾ ਜ਼ਿਲ੍ਹੇ ਵਿੱਚ ਤੈਨਾਤ ਸੀ ਤੇ ਉਸ ਨੇ ਗੌਤਮ ਬੁੱਧ ਨਗਰ ਦੇ ਇੱਕ ਕਾਲਜ ਵਿੱਚ ਤਬਾਦਲੇ ਲਈ ਸਬੰਧਤ ਅਥਾਰਟੀ ਤਕ ਪਹੁੰਚ ਕਰ ਕੇ ਅਰਜ਼ੀ ਦਿੱਤੀ ਸੀ, ਜਿਸ ਨੂੰ ਸਤੰਬਰ 2017 ਵਿੱਚ ਰੱਦ ਕਰ ਦਿੱਤਾ ਗਿਆ। ਪਟੀਸ਼ਨਰ ਦੇ ਵਕੀਲ ਨੇ ਹਾਈ ਕੋਰਟ ਵਿੱਚ ਤਰਕ ਦਿੱਤਾ ਕਿ ਉਸ ਦੀਕਲਾਈਂਟ ਪਿਛਲੇ ਚਾਰ ਸਾਲਾਂ ਤੋਂ ਅਮਰੋਹਾ ਵਿੱਚ ਕੰਮ ਕਰ ਰਹੀ ਹੈ ਤੇ ਸਰਕਾਰ ਦੀ ਨੀਤੀ ਸਿਹਤ ਤਬਾਦਲੇ ਦੀ ਹੱਕਦਾਰ ਹੈ।

# ਇਰਾਕੀ ਹਵਾਈ ਅੱਡੇ ਉਤੇ ਡਰੋਨਾਂ ਨਾਲ ਹਮਲਾ




ਬਗਦਾਦ, 13 ਸਤੰਬਰ (ਪੋਸਟ ਬਿਊਰੋ)- ਉਤਰੀ ਇਰਾਕ ਵਿੱਚ ਧਮਾਕਾਖੇਜ਼ ਸਮੱਗਰੀ ਨਾਲ ਲੱਦੇ ਹੋਏ ਡਰੋਨਾਂ ਵੱਲੋਂ ਸ਼ਨੀਵਾਰ ਦੇਰ ਰਾਤ ਇਰਬਿਲ ਕੌਮਾਂਤਰੀ ਹਵਾਈ ਅੱਡੇ ਨੂੰ ਨਿਸ਼ਾਨਾ ਬਣਾਇਆ ਗਿਆ, ਜਿੱਥੇ ਅਮਰੀਕੀ ਅਗਵਾਈ ਵਿੱਚ ਗੱਠਜੋੜ ਵਾਲੀਆਂ ਫੌਜਾਂ ਹਨ। ਇਸ ਹਮਲੇ ਵਿੱਚ ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਹੋਣ ਦੀ ਖਬਰ ਨਹੀਂ। ਕੁਰਦ ਸ਼ਾਸਤ ਇਸ ਖੇਤਰ ਵਿੱਚ ਸੁਰੱਖਿਆ ਬਲਾਂ ਤੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਹੈ।

ਕੁਰਦਿਸਤਾਨ ਦੀ ਅੱਤਵਾਦ ਵਿਰੋਧੀ ਸੇਵਾ ਨੇ ਦੱਸਿਆ ਹੈ ਕਿ ਵਿਸਫੋਟਕਾਂ ਨਾਲ ਲੱਦੇ ਘੱਟੋ-ਘੱਟ ਦੋ ਡਰੋਨਾਂ ਨੇ ਹਵਾਈ ਅੱਡੇ ਨੂੰ ਨਿਸ਼ਾਨਾ ਬਣਾਇਆ। ਇਸ ਹਮਲੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਅਰਧ-ਖੁਦਮੁਖਤਿਆਰ ਉਤਰੀ ਖੇਤਰ ਦੇ ਬੁਲਾਰੇ ਲਾਕ ਗਫੂਰੀ ਨੇ ਦੱਸਿਆ ਕਿ ਵਿਸਫੋਟਕ ਹਵਾਈ ਅੱਡੇ ਦੇ ਬਾਹਰੀ ਖੇਤਰ ਵਿੱਚ ਡਿੱਗੇ, ਪਰ ਉਨ੍ਹਾਂ ਦੇ ਹਮਲੇ ਨਾਲ ਉਡਾਣਾਂ ਉੱਤੇ ਅਸਰ ਪੈਣ ਦੀਆਂ ਖਬਰਾਂ ਨੂੰ ਰੱਦ ਕੀਤਾ। ਉਨ੍ਹਾਂ ਦੱਸਿਆ ਕਿ ਹਵਾਈ ਅੱਡਾ ਅਜੇ ਵੀ ਖੁੱਲ੍ਹਾ ਹੈ ਅਤੇ ਕੁਰਦ ਅਧਿਕਾਰੀ ਜਾਂਚ ਕਰ ਰਹੇ ਹਨ। ਕਰੀਬ ਦੋ ਮਹੀਨਿਆਂ ਤੋਂ ਬਗਦਾਦ ਵਿੱਚ ਅਮਰੀਕਾ ਦੀ ਮੌਜੂਦਗੀ ਤੇ ਇਰਾਕ ਵਿੱਚ ਫੌਜੀ ਅੱਡਿਆਂ ਨੂੰ ਡਰੋਨ ਤੇ ਰਾਕੇਟ ਹਮਲਿਆਂ ਨਾਲ ਨਿਸ਼ਾਨਾ ਬਣਾਏ ਜਾਣ ਮਗਰੋਂ ਇਹ ਪਹਿਲਾ ਹਮਲਾ ਹੈ। ਇਸ ਤੋਂ ਪਹਿਲਾਂ ਅੱਠ ਜੁਲਾਈ ਨੂੰ ਇਰਾਕ ਦੀ ਰਾਜਧਾਨੀ ਬਗਦਾਦ ਦੇ ਗਰੀਨ ਜ਼ੋਨ ਵਿੱਚ ਹਮਲੇ ਹੋਏ ਸਨ, ਜਿੱਥੇ ਅਮਰੀਕੀ ਸਫਾਰਤਖਾਨਾ ਸਥਿਤ ਹੈ। ਹਾਲਾਂਕਿ, ਇਨ੍ਹਾਂ ਹਮਲਿਆਂ ਵਿੱਚ ਵੀ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਸੀ।

# ਤਾਲਿਬਾਨ ਨੇ ਔਰਤਾਂ ਨੂੰ ਪੜ੍ਹਾਈ ਕਰਨ ਜਾਣ ਦੇ ਲਈ ਹਿਜਾਬ ਜ਼ਰੂਰੀ ਕਰ ਦਿੱਤਾ



ਕਾਬੁਲ, 13 ਸਤੰਬਰ (ਪੋਸਟ ਬਿਊਰੋ)- ਤਾਲਿਬਾਨ ਸਰਕਾਰ ਦੇ ਕਾਰਜਕਾਰੀ ਉਚ ਸਿੱਖਿਆ ਮੰਤਰੀ ਅਬਦੁਲ ਬਕੀ ਹੱਕਾਨੀ ਨੇ ਦੱਸਿਆ ਕਿ ਔਰਤਾਂ ਪੋਸਟ ਗਰੈਜੂਏਟ ਪੱਧਰ ਸਮੇਤ ਯੂਨੀਵਰਸਿਟੀਆਂ ਦੇ ਹਰ ਪੱਧਰ ਉੱਤੇ ਪੜ੍ਹ ਸਕਦੀਆਂ ਹਨ, ਪਰ ਇਸਲਾਮੀ ਪਹਿਰਾਵਾ ਪਾਉਣਾ ਪਵੇਗਾ ਤੇ ਲੜਕਿਆਂ ਤੋਂ ਉਨ੍ਹਾਂ ਦੀਆਂ ਜਮਾਤਾਂ ਵੱਖ ਹੋਣਗੀਆਂ।

ਮਿਲੀ ਜਾਣਕਾਰੀ ਮੁਤਾਬਕ ਕਾਬੁਲ ਯੂਨੀਵਰਸਿਟੀ ਵਿੱਚ ਵਿਦਿਆਰਥਣਾਂ ਨੇ ਹਿਜਾਬ ਪਹਿਨ ਕੇ ਪੜ੍ਹਾਈ ਸ਼ੁਰੂ ਕਰ ਦਿੱਤੀ ਹੈ। ਇਸ ਦੀਆਂ ਜਮਾਤਾਂ ਸ਼ੁਰੂ ਹੋਣ ਮੌਕੇ ਤਾਲਿਬਾਨ ਨੇਤਾਵਾਂ ਨੇ ਇੱਥੇ ਸ਼ਰੀਆ ਉੱਤੇ ਇੱਕ ਭਾਸ਼ਨ ਕਰਵਾਇਆ ਹੈ, ਜਿਸ ਵਿੱਚ ਯੂਨੀਵਰਸਿਟੀ ਵਿੱਚ ਪੜ੍ਹਦੀਆਂ ਕਰੀਬ 300 ਲੜਕੀਆਂ ਨੇ ਹਿੱਸਾ ਲਿਆ। ਸਾਰੀਆਂ ਵਿਦਿਆਰਥਣਾਂ ਸਿਰ ਤੋਂ ਪੈਰਾਂ ਤਕ ਬੁਰਕੇ ਨਾਲ ਢੱਕੀਆਂ ਹੋਈਆਂ ਸਨ। ਉਨ੍ਹਾਂ ਨੂੰ ਸ਼ਰੀਆ ਕਾਨੂੰਨ ਦੀ ਪਾਲਣਾ ਕਰਨ ਦੀ ਸਹੁੰ ਚੁਕਾਈ ਗਈ ਹੈ। ਇਸ ਮੌਕੇ ਸਾਰੀਆਂ ਵਿਦਿਆਰਥਣਾਂ ਦੇ ਹੱਥ ਵਿੱਚ ਤਾਲਿਬਾਨ ਵਾਲਾ ਝੰਡਾ ਸੀ। ਯੂਨੀਵਰਸਿਟੀ ਵਿੱਚ ਲੈਕਚਰ ਦੇਣ ਵਾਲੀ ਔਰਤ ਨੇ ਸਿਰ ਤੋਂ ਪੈਰਾਂ ਤਕ ਖੁਦ ਨੂੰ ਬੁਰਕੇ ਨਾਲ ਢੱਕਿਆ ਹੋਇਆ ਸੀ।

ਹੱਕਾਨੀ ਨੇ ਦੱਸਿਆ ਕਿ ਲੜਕੀਆਂ ਤੇ ਲੜਕਿਆਂ ਲਈ ਉਚ-ਸਿੱਖਿਆ ਵਾਸਤੇ ਵੱਖ-ਵੱਖ ਯੂਨੀਵਰਸਿਟੀਆਂ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਮੌਲਵੀ ਮੁਨੀਰ ਨੇ ਉਚ ਸਿੱਖਿਆ ਦੀ ਲੋੜ ਉੱਤੇ ਸਵਾਲ ਕਰਦਿਆਂ ਕਿਹਾ ਸੀ ਕਿ ਪੀ ਐਚ ਡੀ ਜਾਂ ਮਾਸਟਰ ਡਿਗਰੀ ਦਾ ਕੋਈ ਮਹੱਤਵ ਨਹੀਂ ਹੈ। ਉਨ੍ਹਾਂ ਉਚ ਪੜ੍ਹਾਈ ਨੂੰ ਬੇਲੋੜਾ ਦੱਸ ਕੇ ਕਿਹਾ ਸੀ ਕਿ ਮੁੱਲਿਆਂ ਅਤੇ ਸੱਤਾ ਵਿੱਚ ਬੈਠੇ ਤਾਲਿਬਾਨ ਨੇਤਾਵਾਂ ਕੋਲ ਵੀ ਇਹ ਡਿਗਰੀਆਂ ਨਹੀਂ, ਇੱਥੋਂ ਤਕ ਕਿ ਉਨ੍ਹਾਂ ਕੋਲ ਹਾਈ ਸਕੂਲ ਦਾ ਵੀ ਸਰਟੀਫਿਕੇਟ ਨਹੀਂ, ਪਰ ਉਹ ਤਾਕਤਵਰ ਹਨ।

ਤਾਲਿਬਾਨ ਦੇ ਬੁਲਾਰੇ ਤਾਰਿਕ ਗਜ਼ਨੀਵਾਲ ਨੇ ਕਿਹਾ ਹੈ ਕਿ ਉਨ੍ਹਾਂ ਦਾ ਅਲ-ਕਾਇਦਾ ਨਾਲ ਲੈਣਾ-ਦੇਣਾ ਨਹੀਂ ਅਤੇ ਜੇਹਾਦ ਦੇ ਨਾਂਅ ਉੱਤੇ ਨਿਰਦੋਸ਼ ਲੋਕਾਂ ਨੂੰ ਮਾਰਨਾ ਗਲਤ ਸੀ। ਮੰਨਿਆ ਜਾਂਦਾ ਹੈ ਕਿ ਤਾਲਿਬਾਨ ਅਜਿਹੇ ਬਿਆਨ ਜਾਰੀ ਕਰ ਕੇ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਉਹ ਬਦਲ ਗਿਆ ਹੈ। ਵਰਨਣ ਯੋਗ ਹੈ 9/11 ਹਮਲੇ ਤੋਂ ਬਾਅਦ ਓਦੋਂ ਦੀ ਤਾਲਿਬਾਨ ਸਰਕਾਰ ਨੇ ਅਲ-ਕਾਇਦਾ ਦੇ ਖ਼ਿਲਾਫ਼ ਕਾਰਵਾਈ ਕਰਨ ਤੇ ਓਸਾਮਾ ਬਿਨ ਲਾਦੇਨ ਨੂੰ ਅਮਰੀਕਾ ਨੂੰ ਸੌਂਪਣ ਤੋਂ ਨਾਂਹ ਕਰ ਦਿੱਤੀ ਸੀ, ਜਿਸ ਪਿੱਛੋਂ ਅਮਰੀਕਾ ਨੇ ਅਫ਼ਗਾਨਿਸਤਾਨ ਉੱਤੇ ਹਮਲਾ ਕੀਤਾ ਸੀ। ਅਮਰੀਕਾ ਤੇ ਨਾਟੋ ਫ਼ੌਜਾਂ ਉਥੇ ਅਗਸਤ 2021 ਤਕ ਰਹੀਆਂ। ਦੂਜੇ ਪਾਸੇ ਤਾਲਿਬਾਨ ਦੀਆਂ ਨਿੰਦਣ ਯੋਗ ਤੇ ਬੇਰਹਿਮ ਕਾਰਵਾਈਆਂ ਜਾਰੀ ਹਨ। ਅਫ਼ਗਾਨ ਔਰਤਾਂ, ਪੱਤਰਕਾਰਾਂ ਤੇ ਆਮ ਲੋਕਾਂ ਉੱਤੇ ਕੀਤੇ ਜਾ ਰਹੇ ਜ਼ੁਲਮਾਂ ਦੇ ਜ਼ਿਕਰ ਪਿੱਛੋਂ ਤਾਲਿਬਾਨ ਵੱਲੋਂ ਇੱਕ ਅਫ਼ਗਾਨ ਸਿਪਾਹੀ ਦਾ ਗਲਾ ਵੱਢ ਕੇ ਉਸ ਦੇ ਧੜ੍ਹ ਦਾ ਜਾਲੂਸ ਕੱਢਣ ਦੀ ਵੀਡੀਓ ਤੇ ਤਸਵੀਰਾਂ ਸੋਸ਼ਲ ਮੀਡੀਆ ਉੱਤੇ ਵਾਇਰਲ ਕੀਤੀਆਂ ਗਈਆਂ ਹਨ। ਇਸ 36 ਸਕਿੰਟ ਦੇ ਵੀਡੀਓ ਵਿੱਚ ਹਥਿਆਰਬੰਦ ਤਾਲਿਬਾਨ ਜਸ਼ਨ ਮਨਾਉਂਦੇ ਹੋਏ 'ਮੁਜਾਹਦੀਨ' ਦੇ ਨਾਅਰੇ ਲਾ ਰਹੇ ਸਨ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਮੋਬਾਇਲ: ਪਰਮਿੰਦਰ ਗਰੇਵਾਲ
647-391-1000,
ਬਲਵੀਰ ਸਰਪੰਚ
289-541-5384

ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :
705-443-2556

Visions of Punjab



Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host
Serving the South Asian Community Since 1976

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

